ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

Vol 18 * Issue 32 Daily Newspaper Friday, February 15, 2019 Tel: 905-793-2202 Fax: 905-793-2282 news@punjabipost.ca

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
20 Maritime Blvd. Unit #11, Brampton, L6S0C2

# ਕਸ਼ਮੀਰ ਘਾਟੀ ਵਿੱਚ ਵੱਡੇ ਅੱਤਵਾਦੀ ਹਮਲੇ ਦੌਰਾਨ 44 ਜਵਾਨ ਮਾਰੇ ਗਏ

## * ਸੀ ਆਰ ਪੀ ਐੱਫ ਦੇ ਕਾਫਲੇ ਉੱਤੇ ਜੈਸ਼-ਇ-ਮੁਹੰਮਦ ਦਾ ਹਮਲਾ



ਸ੍ਰੀਨਗਰ, 14 ਫਰਵਰੀ, (ਪੋਸਟ ਬਿਊਰੋ)- ਜੰਮੂ ਕਸ਼ਮੀਰ ਦੇ ਪੁਲਵਾਮਾ ਵਿੱਚ ਅੱਜ ਸੀ ਆਰ ਪੀ ਐੱਫ ਦੇ ਕਾਫਲੇ ਉੱਤੇ ਹੋਏ ਇੱਕ ਅੱਤਵਾਦੀ ਹਮਲੇ ਵਿੱਚ 44 ਜਵਾਨ ਮਾਰੇ ਗਏ ਅਤੇ 44 ਹੋਰ ਜ਼ਖਮੀ ਹੋਣ ਦੀ ਖਬਰ ਹੈ। ਇਸ ਵੱਡੇ ਹਮਲੇ ਦੀ ਜ਼ਿੰਮੇਵਾਰੀ ਪਾਕਿਸਤਾਨ ਵਿੱਚੋਂ ਚੱਲਦੇ ਅੱਤਵਾਦੀ ਸੰਗਠਨ ਜੈਸ਼-ਏ-ਮੁਹੰਮਦ ਨੇ ਲਈ ਹੈ। ਮਿਲੀ ਜਾਣਕਾਰੀ ਅਨੁਸਾਰ ਇਸ ਹਮਲੇ ਦੇ ਸ਼ੁਰੂ ਵਿੱਚ ਆਈ ਈ ਡੀ ਧਮਾਕਾ ਕੀਤਾ ਗਿਆ ਅਤੇ ਫਿਰ ਗੋਲੀਬਾਰੀ ਕੀਤੀ ਗਈ। ਸੀ ਆਰ ਪੀ ਐੱਫ ਦੇ ਜਿਸ ਕਾਫਿਲੇ ਉੱਤੇ ਹਮਲਾ ਹੋਇਆ, ਉਸ ਵਿੱਚ ਕਰੀਬ 2500 ਜਵਾਨ ਦੱਸੇ ਗਏ ਹਨ। ਖਬਰਾਂ ਹਨ ਕਿ ਕਾਰ ਵਿੱਚ ਆਈ ਈ ਡੀ ਫਿੱਟ ਕੀਤਾ ਪਿਆ ਸੀ। ਇਸ ਕਾਰ ਬੰਬ ਧਮਾਕੇ ਵਿੱਚ ਸੀ ਆਰ ਪੀ ਐੱਫ ਦੇ 44 ਜਵਾਨ ਮਾਰੇ ਗਏ। ਜ਼ਖਮੀਆਂ ਨੂੰ ਨੇੜਲੇ ਹਸਪਤਾਲ ਵਿੱਚ ਦਾਖਲ ਕਰਾਇਆ ਹੈ, ਪਰ ਕੁਝ ਜਵਾਨਾਂ ਦੀ ਹਾਲਤ ਗੰਭੀਰ ਬਣੀ ਹੋਈ ਹੈ। ਇਹ ਕਾਰ ਬੰਬ ਰੱਖ ਕੇ ਵਾਰਦਾਤ ਕਰਨ ਵਾਲੇ ਜੈਸ਼ ਦੇ ਆਤਮਘਾਤੀ ਅੱਤਵਾਦੀ ਦਾ ਨਾਂ ਆਦਿਲ ਅਹਿਮਦ ਵੱਕਾਸ ਉਰਫ ਕਮਾਂਡੋ ਵਾਸੀ ਗੁੰਡੀਬਾਗ, ਪੁਲਵਾਮਾ ਦੱਸਿਆ ਜਾ ਰਿਹਾ ਹੈ।

ਪੁਲਿਸ ਅਧਿਕਾਰੀਆਂ ਦੇ ਦੱਸਣ ਮੁਤਾਬਕ ਖ਼ਰਾਬ ਮੌਸਮ ਕਾਰਨ ਦੋ ਦਿਨਾਂ ਤੋਂ ਜੰਮੂ-ਕਸ਼ਮੀਰ ਹਾਈਵੇਅ ਬੰਦ ਸੀ, ਇਸ ਲਈ ਵੀਰਵਾਰ ਇਸ ਕਾਫਲੇ ਵਿੱਚ ਇਕੱਠੇ ਇੰਨੀ ਵੱਡੀ ਗਿਣਤੀ ਵਿਚ ਫੋਰਸ ਨੂੰ ਸ੍ਰੀਨਗਰ ਭੇਜਿਆ ਸੀ।

...ਬਾਕੀ ਪੰਨਾ 6 'ਤੇ

## ਰੇਅਬੋਲਡ ਮਾਮਲੇ ਵਿੱਚ ਟਰੂਡੋ ਨੂੰ ਪਾਰਟੀ ਦੇ ਅੰਦਰੋਂ ਤੇ ਬਾਹਰੋਂ ਕਰਨਾ ਪੈ ਰਿਹਾ ਹੈ ਨੁਕਤਾਚੀਨੀ ਦਾ ਸਾਹਮਣਾ



ਓਟਵਾ, 14 ਫਰਵਰੀ (ਪੋਸਟ ਬਿਊਰੋ) : ਜੋਡੀ ਵਿਲਸਨ ਰੇਅਬੋਲਡ ਵੱਲੋਂ ਕੈਬਨਿਟ ਤੋਂ ਅਚਾਨਕ ਅਸਤੀਫਾ ਦਿੱਤੇ ਜਾਣ ਦੇ ਮਾਮਲੇ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਪਾਰਟੀ ਦੇ ਬਾਹਰੋਂ ਤੇ ਅੰਦਰੋਂ ਨੁਕਤਾਚੀਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਹਾਲਾਂਕਿ ਕੁੱਝ ਲਿਬਰਲ ਰੇਅਬੋਲਡ ਨੂੰ ਆਤਮ ਕੇਂਦਰਿਤ ਤੇ ਪਾਰਟੀ ਪ੍ਰਤੀ ਗੈਰਵਫਾਦਾਰ ਦੱਸ ਰਹੇ ਹਨ ਪਰ ਹੋਰਨਾਂ ਵੱਲੋਂ ਉਸ ਨੂੰ ਬਹੁਤ ਹੀ ਹਿੰਮਤ ਵਾਲੀ ਤੇ ਮਜ਼ਬੂਤ ਮਹਿਲਾ ਦੱਸਿਆ ਜਾ ਰਿਹਾ ਹੈ। ਲਿਬਰਲ ਸਟਾਫ ਅਤੇ ਐਮਪੀਜ਼ ਜਿੱਥੇ ਆਪਣੇ ਸਵਾਲਾਂ ਦੇ ਜਵਾਬ ਹਾਸਲ ਕਰਨਾ ਚਾਹੁੰਦੇ ਹਨ ਉੱਥੇ ਹੀ ਇੰਡੀਜੀਨਸ ਆਗੂ ਟਰੂਡੋ ਉੱਤੇ ਰੇਅਬੋਲਡ ਨਾਲ ਲਿੰਗ ਦੇ ਅਧਾਰ ਉੱਤੇ ਫਰਕ ਕਰਨ ਤੇ ਨਸਲਵਾਦ ਦਾ ਦੋਸ਼ ਲਾ ਰਹੇ ਹਨ।

...ਬਾਕੀ ਪੰਨਾ 6 'ਤੇ

## ਵਿਲਸਨ ਰੇਅਬੋਲਡ ਨਾਲ ਕੀਤਾ ਜਾਣ ਵਾਲਾ ਮਾੜਾ ਸਲੂਕ ਟਰੂਡੋ ਨੂੰ ਪੈ ਸਕਦਾ ਹੈ ਭਾਰੀ : ਚੀਫ



ਬੀਸੀ, 14 ਫਰਵਰੀ (ਪੋਸਟ ਬਿਊਰੋ) : ਬੀਸੀ ਦੇ ਇੱਕ ਉੱਘੇ ਚੀਫ ਵੱਲੋਂ ਇਹ ਪੇਸ਼ੀਨਿਗੋਈ ਕੀਤੀ ਜਾ ਰਹੀ ਹੈ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਸਾਬਕਾ ਅਟਾਰਨੀ ਜਨਰਲ ਜੋਡੀ ਵਿਲਸਨ ਰੇਅਬੋਲਡ ਨਾਲ ਕੀਤਾ ਜਾਣ ਵਾਲਾ ਮਾੜਾ ਸਲੂਕ ਉਨ੍ਹਾਂ ਨੂੰ ਮਹਿੰਗਾ ਪੈ ਸਕਦਾ ਹੈ। ਉਨ੍ਹਾਂ ਆਖਿਆ ਕਿ ਰੇਅਬੋਲਡ ਨਾਲ ਕੀਤੇ ਜਾਣ ਵਾਲੇ ਮਾੜੇ ਸਲੂਕ ਕਾਰਨ ਟਰੂਡੋ ਫਰਸਟ ਨੇਸ਼ਨ ਦੀਆਂ ਸਾਰੀਆਂ ਵੋਟਾਂ ਤੋਂ ਹੱਥ ਧੁਆ ਬੈਠਣਗੇ।

ਯੂਨੀਅਨ ਆਫ ਬੀਸੀ ਇੰਡੀਅਨ ਚੀਫਜ਼ (ਯੂਬੀਸੀਆਈਸੀ) ਦੇ ਵਾਈਸ ਪ੍ਰੈਜ਼ੀਡੈਂਟ ਬੌਬ ਚੈਂਬਰਲਿਨ ਨੇ ਵੀਰਵਾਰ ਨੂੰ ਇੱਕ ਇੰਟਰਵਿਊ ਵਿੱਚ ਆਖਿਆ ਕਿ ਦੇਸ਼ ਭਰ ਦੇ ਫਰਸਟ ਨੇਸ਼ਨ ਆਗੂ ਟਰੂਡੋ ਵੱਲੋਂ ਸਾਬਕਾ ਅਟਾਰਨੀ ਜਨਰਲ ਨਾਲ ਕੀਤੇ ਗਏ ਵਿਵਹਾਰ ਤੋਂ ਕਾਫੀ ਹੈਰਾਨ ਹਨ ਜਿਸ ਦੇ ਸਿੱਟੇ ਉਨ੍ਹਾਂ ਨੂੰ ਅਕਤੂਬਰ ਵਿੱਚ ਹੋਣ ਜਾ ਰਹੀਆਂ ਅਗਲੀਆਂ ਚੋਣਾਂ ਵਿੱਚ ਭੁਗਤਣੇ ਪੈ ਸਕਦੇ ਹਨ।

...ਬਾਕੀ ਪੰਨਾ 6 'ਤੇ

## ਅੰਦਰ ਪੜ੍ਹੋ

ਮੈਕਸਿਕੋ ਵਿੱਚ ਸਰਜਰੀ ਕਰਵਾਉਣ ਵਾਲੇ 30 ਕੈਨੇਡੀਅਨਾਂ ਨੂੰ ਹੋ ਸਕਦੀ ਹੈ ਖਤਰਨਾਕ ਇਨਫੈਕਸ਼ਨ



ਪੰਨਾ 03

ਸ਼੍ਰੋਮਣੀ ਕਮੇਟੀ ਚੋਣਾਂ: ਵਿਧਾਨ ਸਭਾ ਨੇ ਕੈਪਟਨ ਨੂੰ ਕੇਂਦਰ ਸਰਕਾਰ ਨਾਲ ਗੱਲਬਾਤ ਦੇ ਅਧਿਕਾਰ ਦਿੱਤੇ



ਪੰਨਾ 04

## ਅੱਜ ਰਾਤ ਓਨਟਾਰੀਓ 'ਚ ਵੱਧ ਸਕਦੀਆਂ ਹਨ ਗੈਸ ਦੀਆਂ ਕੀਮਤਾਂ



ਓਨਟਾਰੀਓ, 14 ਫਰਵਰੀ (ਪੋਸਟ ਬਿਊਰੋ) : ਓਨਟਾਰੀਓ ਵਿੱਚ ਗੈਸ ਦੀਆਂ ਕੀਮਤਾਂ ਵਿੱਚ ਥੋੜ੍ਹਾ ਹੋਰ ਵਾਧਾ ਹੋਣ ਜਾ ਰਿਹਾ ਹੈ।

ਘਅਸਬੁਦਦੇ।ਚੋਮ ਉੱਤੇ ਸੀਨੀਅਰ ਪੈਟਰੋਲੀਅਮ ਵਿਸ਼ਲੇਸ਼ਕ ਡੈਨ ਮੈਕਟੀਗ ਦਾ ਕਹਿਣਾ ਹੈ ਕਿ ਅੱਜ ਅੱਧੀ ਰਾਤ ਤੋਂ ਗੈਸ ਦੀਆਂ ਕੀਮਤਾਂ ਵਿੱਚ ਪ੍ਰਤੀ ਲੀਟਰ ਪਿੱਛੇ 7 ਸੈਂਟ ਦਾ ਵਾਧਾ ਹੋਣ ਜਾ ਰਿਹਾ ਹੈ। ਇਨ੍ਹਾਂ ਕੀਮਤਾਂ ਵਿੱਚ ਇਹ ਉਛਾਲ ਰਿਫਾਈਨਰੀਜ਼ ਵੱਲੋਂ ਜਨਵਰੀ ਤੋਂ ਲੀਟਰ ਪਿੱਛੇ ਗੈਸੋਲੀਨ ਉੱਤੇ 6 ਸੈਂਟ ਦੀ ਛੋਟ ਦੇਣ ਦਾ ਹੀ ਨਤੀਜਾ ਹੈ।

ਦਸੰਬਰ ਤੇ ਜਨਵਰੀ ਵਿੱਚ ਉੱਤਰੀ ਅਮਰੀਕਾ ਵਿੱਚ ਗੈਸੋਲੀਨ ਦੀ ਭਰਮਾਰ ਰਹੀ ਤੇ ਹੁਣ ਲੱਗ ਰਿਹਾ ਹੈ ਕਿ ਉਸ ਦਾ ਅੰਤ ਹੋ ਗਿਆ ਹੈ। ਹੁਣ ਇੱਕ ਰਾਤ ਵਿੱਚ ਹੀ ਇਹ ਕੀਮਤਾਂ 7 ਸੈਂਟ ਤੱਕ ਵੱਧ ਜਾਣਗੀਆਂ। ਮਾਂਟਰੀਅਲ ਵਿੱਚ ਵੀ ਹੋਲਸੇਲ ਕੀਮਤਾਂ ਵਿੱਚ 4 ਸੈਂਟ ਦਾ ਇਜਾਫਾ ਹੋ ਸਕਦਾ ਹੈ।

ਵੀਰਵਾਰ ਸਵੇਰੇ ਗੈਸ ਸਟੇਸ਼ਨਾਂ ਨੂੰ ਇਹ ਨੋਟਿਸ ਦਿੱਤਾ ਗਿਆ ਸੀ ਕਿ ਓਨਟਾਰੀਓ ਵਿੱਚ ਉਨ੍ਹਾਂ ਦੀਆਂ ਹੋਲ-ਸੇਲ ਕੀਮਤਾਂ ਵਿੱਚ ਲੀਟਰ ਪਿੱਛੇ 6.2 ਸੈਂਟ ਦਾ ਵਾਧਾ ਹੋ ਸਕਦਾ ਹੈ। ਇਸ ਤੋਂ ਇਲਾਵਾ ਇੱਥੇ ਇਹ ਦੱਸਣਾ ਵੀ ਬਣਦਾ ਹੈ ਕਿ ਅਪਰੈਲ ਤੋਂ ਕਾਰਬਨ ਟੈਕਸ ਕਾਰਨ ਨਿਊ ਬਰੰਜ਼ਵਿਕ ਵਿੱਚ ਪ੍ਰਤੀ ਲੀਟਰ ਪਿੱਛੇ 5 ਸੈਂਟ, ਓਨਟਾਰੀਓ ਵਿੱਚ 4.8 ਸੈਂਟ, ਮੈਨੀਟੋਬਾ ਤੇ ਸਸਕੈਚਵਨ ਵਿੱਚ 4.7 ਸੈਂਟ ਦਾ ਇਜਾਫਾ ਹੋਣ ਦੀ ਸੰਭਾਵਨਾ ਹੈ।

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth R.I.B.O
Address: 1550 South Gateway Rd. Suite 220 Mississauga, ON L4W 5G6

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

INSURANCE
Home Auto
Business Trucking
R.E.S.P Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

ਕੀ ਤੁਸੀ ਕਾਕਰੋਚ, ਚੂਹੇ, ਕਿੜੇ-ਮੁਕੌੜਿਆਂ ਤੋਂ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਉ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ!
Toronto Pest Arrest Pest Control Services Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
Insured & Licensed

HSBA TAX SERVICES ਟੈਕਸ ਕਿਵੇਂ ਤੇ ਕਿਥੇ ਬਚਾਉਣਾ ਹੈ?
*Corporation's Registration – Federal $240, Ontario $380*
Initial Business Setup and Consultation
Personal & Corporation
Accounting & Bookkeeping Services
Tax Planning
HST, WSIB & Payroll Taxes
CRA Appeals, Audits & Notice of Objection
Cash Flow, Forecasts & Project Reports
Registered Education Saving Plans (RESPs)
Prabhjot Kaur Sr. Accountant, M.B.A
Email:info@hsbatax.com
Tel: 647-720-5278 20%Discount For Students, New Immigrants and Senior Citizens
100 Maritime Ontario Blvd., Unit 77, Brampton, ON L6S 0E7

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾਂ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

ਕੀ ਤੁਸੀ ਕਿੜੇ-ਮੁਕੌੜਿਆਂ ਤੋਂ ਪਰੇਸ਼ਾਨ ਹੋਂ?
MICE, COCKROACH, BEDBUG & ALL COMMON BUGS All Pest Control
AFFORDABLE & RELIABLE
100% Customer Satisfaction
KSG Pest Control Inc. Residential, Commercial www.ksgpestcontrol.ca ksgpestcontrol@gmail.com
Amarjeet Singh Gill Certified & Licensed Exterminator 647.990.3205

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355 Aman Sharma
4515 Ebenezer Rd, Suite 211, Brampton, Ontario L6P2K7 Open Saturday
Providing excellent quality legal services to our clients

SUPER VISA INSURANCE
VISITOR VISA INSURANCE
TRAVEL INSURANCE
STUDENT INSURANCE
NEW IMMIGRANT 90 DAYS MED. INSURANCE
Punjab Insurance Inc
www.punjabinsurance.ca
Sherjang Singh Rana 416-910-9000 rana@punjabinsurance.ca
10-7003 Steeles Ave West, Etobicoke, ON M9W 0A2
Harpreet Rana 416-871-3571 harpreetrana@punjabinsurance.ca

INSURANCE
Life / Disability / Critical Illness
Super Visa / Visitor / Travel /
RRSP / RESP /
SHEVINDER SIDHU Insurance Advisor
416-557-8080 shevindersidhu@gmail.com
10-7003 Steeles Ave. West, Etobicoke

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780 905.796.7500
900 Raylawson Blvd. Unit # 6, Brampton

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

MANN LAW FIRM
Real Estate Law
Business Law
Wills & Estates
Family Law
Power of Attorney
Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9 T: 905 799 9333 www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps
Cockroaches • Carpenter Ants • Silver Fish • Racoons
Call : PARESH PATEL
416 938 4598


KELLEY LAW OFFICE
Immigration
Real Estate
Family Law
Business Closing
Corporate
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
Licence $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us NC Dhawan Certified Instructor
Cell: 416 726 6206 Tel: 905 405 0001

ਮੂੰਹੋ ਬੋਲਦੀ Kitchen and Washroom ਬਣਵਾਓ

**Pearson**
**Kitchen & Cabinet**

Free Estimate
We Specialize in granite, quartz & marble countertops




We Specialize In: 100% Satisfaction On Time

- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਵਾਜਿਬ ਦਾਮ ਤੇ ਸਮੇਂ ਸਿਰ ਕੰਮ

Call **Vikramjit Sangha: 416-200-0931**

Special Discount for Contractors | Buy Direct From The Factory

271 - Glidden Rd. Unit#5, Brampton (Kennedy&Glidden)

PUNJAB SINDH FINANCE
TRUCK/TRAILER LOAN & REFINANCE

ਨਵੇਂ ਪੁਰਾਣੇ ਟ੍ਰਕਾਂ/ਟ੍ਰੈਲਰਾਂ ਦੀ ਕੁਝ ਹੀ ਘੰਟਿਆਂ ਵਿੱਚ Financing/Refinancing ਦਾ ਪੂਰਾ ਪ੍ਰਬੰਦ

- Quick Loan Approval Guranteed
- Bad credit........ No Problem
- Low Down Payment
- Lowest Rate of Interest
- Paper Work...... Minimum
- Best Flexible Terms & Conditions

Gary Chatha
President
647.227.3385
info@punjabsindhfinance.com
905.440.0000

6665 Tomken Rd #202, Mississauga, ON L5T 2C5 (Tomken/Midway)

WEFCI Ensuring Wealth for Generations

ਕੀ ਤੁਹਾਡੀ Insurance ਕਰਣ ਤੋਂ ਨਾਂਹ ਕਰ ਦੀਤੀ ਹੈ ?

Are you looking for:

- Best rates of Life Insurance
- Good rates for mortgage Insurance
- Guaranteed Cash Back Insurance Policy
- RESP with 15% & guaranteed cash value for children



Please Contact Sagar Rana 647.262.5625
or send an email at Sagar.rana@wefci.com

NU WAY TOUR & TRAVELS INC.

ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ

AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

Air Canada, PIA, American Airlines, Etihad, KLM, Emirates, Swiss, British Airways, Jet Airways

Travel Worry Free With Insurance
- Super Visa Insurance
- Visitor to Canada
- Trip Cancellation
- Trip Interruption

Manulife



Signature.ca, WestJet vacations, transat, sunwing, Air Canada Vacations, tico.ca, IATA

Call Us For Guaranteed Lowest Airfare
ANY Airline Time Destination Around the World

www.nuwaytravels.com

7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
E-mail- info@nuwaytravels.com

Data everywhere.
No surprise charges anywhere.

NEW
NATION-WIDE. NO ZONES.
TALK, TEXT & DATA PLANS
$35/MO.

chatr AUTHORIZED DEALER

379 Main St. North, Brampton, ON
2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਨਿੱਖੜੇ ਜਿਹੇ ਅਕਾਲੀ ਪਏ ਫਿਰਨ ਬੇਲੀ,
ਕੋਈ ਵੀ ਪੇਸ਼ ਨਹੀਂ ਰਹੀ ਹੈ ਚੱਲ ਬੇਲੀ।
ਵਿਧਾਨ ਸਭਾ ਦੇ ਵਿੱਚ ਕੋਈ ਬਾਤ ਹੁੰਦੀ,
ਲੈਂਦੀਆਂ ਧਿਰਾਂ ਫਿਰ ਪਾਸੜੇ ਮੱਲ ਬੇਲੀ।
ਹਰ ਕੋਈ ਦਾਗਦਾ ਤੀਰ ਅਕਾਲੀਆਂ'ਤੇ,
ਆਉਂਦਾ ਕੋਈ ਨਾ ਇਨ੍ਹਾਂ ਦੇ ਵੱਲ ਬੇਲੀ।
ਖੜਦੇ ਤਿੰਨੇ ਹੀ ਨਾਲ ਹਨ ਭਾਜਪਾਈਏ,
ਉਹ ਵੀ ਮੂੰਹੋਂ ਨਹੀਂ ਆਖਦੇ ਗੱਲ ਬੇਲੀ।
ਬੈਠੇ ਰਹਿਣ ਅਕਾਲੀ ਤਾਂ ਬਹਿਣ ਇਹ ਵੀ,
ਅਕਾਲੀ ਉੱਠਣ ਇਹ ਜਾਂਵਦੇ ਉੱਠ ਬੇਲੀ।
ਓਦਾਂ ਪਾਏ ਨਹੀਂ ਕੰਨਾਂ ਵਿੱਚ ਰੜਕਦੇ ਈ,
ਬਾਕੀ ਸਮਾਂ ਉਹ ਖੋਲ੍ਹਣ ਨਹੀਂ ਮੁੱਠ ਬੇਲੀ।

ਤੀਸ ਮਾਰ ਖਾਂ

# ਮੈਕਸਿਕੋ ਵਿੱਚ ਸਰਜਰੀ ਕਰਵਾਉਣ ਵਾਲੇ 30 ਕੈਨੇਡੀਅਨਾਂ ਨੂੰ ਹੋ ਸਕਦੀ ਹੈ ਖਤਰਨਾਕ ਇਨਫੈਕਸ਼ਨ

ਓਟਵਾ, 14 ਫਰਵਰੀ (ਪੋਸਟ ਬਿਊਰੋ) : ਪਬਲਿਕ ਹੈਲਥ ਏਜੰਸੀ ਆਫ ਕੈਨੇਡਾ ਦਾ ਕਹਿਣਾ ਹੈ ਕਿ ਟਿਜੁਆਨਾ, ਮੈਕਸਿਕੋ ਦੇ ਕਲੀਨਿਕ ਤੋਂ ਸਰਜਰੀ ਕਰਵਾਉਣ ਵਾਲੇ 30 ਦੇ ਲੱਗਭਗ ਕੈਨੇਡੀਅਨਾਂ ਨੂੰ ਖਤਰਨਾਕ ਇਨਫੈਕਸ਼ਨ ਹੋਣ ਦਾ ਖਤਰਾ ਹੈ।

ਪਰ ਏਜੰਸੀ ਇਸ ਬਾਰੇ ਪੂਰੀ ਤਰ੍ਹਾਂ ਯਕੀਨ ਨਾਲ ਕੁੱਝ ਨਹੀਂ ਆਖ ਸਕਦੀ। ਪਿਛਲੇ ਮਹੀਨੇ ਯੂਐਸ ਸੈਂਟਰਜ਼ ਫੌਰ ਡਜ਼ੀਜ਼ ਕੰਟਰੋਲ ਵੱਲੋਂ ਕੀਤੀ ਗਈ ਜਾਂਚ ਤੋਂ ਬਾਅਦ ਇਹ ਪਾਇਆ ਗਿਆ ਕਿ ਟਿਜੁਆਨਾ ਦੇ ਗ੍ਰੈਂਡ ਵਿਊ ਹਸਪਤਾਲ ਵਿੱਚ ਭਾਰ ਘੱਟ ਕਰਨ ਲਈ ਕਰਵਾਈ ਗਈ ਸਰਜਰੀ ਤੋਂ ਬਾਅਦ ਕੈਨੇਡੀਅਨਾਂ ਨੂੰ ਵੀ ਉਨ੍ਹਾਂ ਅਮਰੀਕੀ ਮਰੀਜ਼ਾਂ ਵਾਂਗ ਇਨਫੈਕਸ਼ਨ ਹੋ ਸਕਦੀ ਹੈ ਜਿਹੜੇ ਐਂਟੀਬਾਇਓਟਿਕ ਨੂੰ ਵੀ ਜਰ ਲੈਣ ਵਾਲੇ ਬੈਕਟੀਰੀਆ ਦਾ ਸ਼ਿਕਾਰ ਹੋਣ ਮਗਰੋਂ ਇਨਫੈਕਸ਼ਨ ਨਾਲ ਗ੍ਰਸਤ ਹੋਏ ਸਨ। ਟਿਜੁਆਨਾ ਅਮਰੀਕੀ ਸਰਹੱਦ ਦੇ ਐਨ ਨੇੜੇ, ਸੈਨ ਡਿਏਗੋ ਦੇ ਕੋਲ ਹੈ। ਕੈਨੇਡਾ ਦੇ ਡਿਪਟੀ ਚੀਫ ਪਬਲਿਕ ਹੈਲਥ ਆਫੀਸਰ ਡਾ. ਹੌਵਰਡ ਨਜੂ ਨੇ ਆਖਿਆ ਕਿ ਹੋ ਸਕਦਾ ਹੈ ਕਿ ਸਾਨੂੰ ਅਜਿਹੀ ਸਰਜਰੀ ਕਰਵਾਉਣ ਵਾਲੇ ਕੈਨੇਡੀਅਨਾਂ ਦੇ ਸਹੀ ਅੰਕੜੇ ਬਾਰੇ ਪਤਾ ਨਾ ਲੱਗ ਸਕੇ।



ਅਸੀਂ ਤਾਂ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਅਜਿਹੇ ਸਾਰੇ ਕੈਨੇਡੀਅਨਾਂ ਨੂੰ ਸੰਭਾਵੀ ਖਤਰੇ ਬਾਰੇ ਜਾਣੂ ਕਰਵਾ ਸਕੀਏ ਤਾਂ ਕਿ ਉਹ ਆਪਣਾ ਮੈਡੀਕਲ ਫੌਲੋ ਅੱਪ ਕਰਵਾ ਸਕਣ।

ਬੁੱਧਵਾਰ ਨੂੰ ਫੈਡਰਲ ਪਬਲਿਕ ਹੈਲਥ ਏਜੰਸੀ ਨੇ ਇੱਕ ਨੋਟਿਸ ਜਾਰੀ ਕਰਕੇ ਗ੍ਰੈਂਡ ਵਿਊ ਹਸਪਤਾਲ ਤੋਂ ਸਰਜਰੀ ਕਰਵਾਉਣ ਵਾਲੇ ਮਰੀਜ਼ਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਉਸ ਹਾਲਤ ਵਿੱਚ ਤੁਰੰਤ ਆਪਣੀ ਮੈਡੀਕਲ ਜਾਂਚ ਕਰਵਾਉਣ ਜੇ ਉਨ੍ਹਾਂ ਨੂੰ ਇਨਫੈਕਸ਼ਨ ਦੇ ਲੱਛਣ ਜਿਵੇਂ ਕਿ ਬੁਖਾਰ, ਲਾਲੀ, ਪਸ ਜਾਂ ਆਪਰੇਸ਼ਨ ਵਾਲੀ ਥਾਂ ਉੱਤੇ ਸੋਜਿਸ਼ ਨਜ਼ਰ ਆਉਂਦੀ ਹੈ। ਜਿਸ ਬੈਕਟੀਰੀਆ ਕਾਰਨ ਖਤਰਾ ਹੋ ਸਕਦਾ ਹੈ ਉਸ ਨੂੰ ਸੀਊਡੋਮੋਨਸ ਐਰੂਗਿਨੋਸਾ ਵਜੋਂ ਜਾਣਿਆ ਜਾਂਦਾ ਹੈ। ਇਹ ਮੈਡੀਕਲ ਸੈਟਿੰਗਜ਼ ਵਿੱਚ ਉਨ੍ਹਾਂ ਮਰੀਜ਼ਾਂ ਲਈ ਖਤਰਾ ਹੋ ਸਕਦਾ ਹੈ ਜਿਨ੍ਹਾਂ ਨੇ ਸਰਜਰੀ ਕਰਵਾਈ ਹੁੰਦੀ ਹੈ।


COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by Upto 50%
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
416.677.0047
Jaspal Singh Gahunia #M08006400


# ਹਿੰਸਕ ਮੁਜ਼ਾਹਰਿਆਂ ਕਾਰਨ ਦਰਜਨਾਂ ਕਿਊਬਿਕ ਵਾਸੀ ਹਾਇਤੀ ਵਿੱਚ ਫਸੇ

ਹਾਇਤੀ, 14 ਫਰਵਰੀ (ਪੋਸਟ ਬਿਊਰੋ) : ਕਿਊਬਿਕ ਤੋਂ ਦਰਜਨਾਂ ਭਰ ਲੋਕ ਹਾਇਤੀ ਦੇ ਰਿਜਾਰਟਸ ਵਿੱਚ ਫਸ ਗਏ ਹਨ ਕਿਉਂਕਿ ਉੱਥੇ ਹਿੰਸਕ ਮੁਜਾਹਰੇ ਸੁਰੂ ਹੋ ਗਏ ਹਨ। ਟੌਸੈਂਟ ਲੂਵਰਚਰ ਏਅਰਪੋਰਟ ਤੋਂ 70 ਕਿਲੋਮੀਟਰ ਦੀ ਦੂਰੀ ਉੱਤੇ ਰੌਇਲ ਡੈਕਾਮਰੌਨ ਰਿਜਾਰਟ ਵਿੱਚ 50 ਦੇ ਲੱਗਭਗ ਸੈਲਾਨੀ ਫਸ ਗਏ। ਇਸ ਰਿਜਾਰਟ ਦੇ ਨੇੜਲੀਆਂ ਕਈ ਸੜਕਾਂ ਉੱਤੇ ਲੋਕ ਵੱਡੀ ਗਿਣਤੀ ਵਿੱਚ ਮੌਜੂਦ ਸਨ। ਪੋਰਟ ਆਅ ਪ੍ਰਿੰਸ ਵਿੱਚ ਹਜਾਰਾਂ ਦੀ ਗਿਣਤੀ ਵਿੱਚ ਲੋਕਾਂ ਨੇ ਮੁਜਾਹਰਿਆਂ ਵਿੱਚ



ਹਿੱਸਾ ਲਿਆ। ਭ੍ਰਿਸਟਾਚਾਰ ਘਪਲੇ ਦੇ ਸਾਹਮਣੇ ਆਉਣ ਮਗਰੋਂ ਸਥਾਨਕ ਲੋਕ ਰਾਸਟਰਪਤੀ ਜੋਵੇਨਲ ਮੋਇਸ ਤੋਂ ਅਸਤੀਫੇ ਦੀ ਮੰਗ ਕਰ ਰਹੇ ਸਨ।

ਜਿਕਰਯੋਗ ਹੈ ਕਿ ਸਮਾਜਕ ਵਿਕਾਸ ਉੱਤੇ ਖਰਚ ਕੀਤਾ ਜਾਣ ਵਾਲਾ 4 ਬਿਲੀਅਨ ਡਾਲਰ ਗਾਇਬ ਹੈ। ਪੁਲਿਸ ਨਾਲ ਹੋਈਆਂ ਝੜਪਾਂ ਵਿੱਚ ਚਾਰ ਲੋਕ ਮਾਰੇ ਗਏ ਤੇ 78 ਕੈਦੀ ਜੇਲ੍ਹ ਵਿੱਚੋਂ ਫਰਾਰ ਹੋਣ ਵਿੱਚ ਕਾਮਯਾਬ ਰਹੇ ਕਿਉਂਕਿ ਪੁਲਿਸ ਮੁਜਾਹਰਿਆਂ ਨਾਲ ਨਜਿੱਠਣ ਵਿੱਚ ਲੱਗੀ ਹੋਈ ਸੀ।


AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4


## ਓਂਟਾਰੀਓ ਖਾਲਸਾ ਦਰਬਾਰ
## ਤਿੰਨ ਮੈਂਬਰੀ ਇਲਕੈਸ਼ਨ ਕਮਿਸ਼ਨ ਦੀ ਨਿਯੁਕਤੀ

| ਨਾਮ | ਕਿੱਤਾ |
|---|---|
| ਬਲਜਿੰਦਰ ਸਿੰਘ ਸੰਧੂ | ਵਕੀਲ |
| ਸਤਿੰਦਰ ਕੌਰ ਜੌਹਲ | ਵਕੀਲ |
| ਗੁਰਚਰਨ ਸਿੰਘ | ਰੀਅਲ ਅਸਟੇਟ ਬਰੋਕਰ |

ਉਨਟਾਰੀਓ ਖਾਲਸਾ ਦਰਬਾਰ ਦੀ ਜਨਰਲ ਬਾਡੀ ਦੀ ਮੈਂਬਰਸ਼ਿੱਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਗੁਰਦੁਆਰਾ ਸਾਹਿਬ ਦੇ ਸੰਵਿਧਾਨ ਅਨੁਸਾਰ, ਮਾਰਚ ਦੇ ਮਹੀਨੇ ਦਰਮਿਆਨ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੀ ਚੋਣ ਕਰਵਾਉਣੀ ਜ਼ਰੂਰੀ ਹੈ । ਬੋਰਡ ਆਫ ਡਾਇਰੈਕਟਰ ਨੇ 9 ਫਰਵਰੀ 2019 ਨੂੰ ਆਪਣੀ ਮੀਟਿੰਗ ਵਿਚ 31 ਮਾਰਚ 2019 ਦੀ ਤਰੀਕ ਨੂੰ ਅਗਲੇ ਤਿੰਨ ਸਾਲ ਦੀ ਪ੍ਰਬੰਧਕ ਕਮੇਟੀ ਦੀ ਚੋਣ/ਨਿਯੁਕਤੀ ਕਰਵਾਉਣ ਦੇ ਲਈ ਮਤਾ ਪਾਸ ਕਰ ਦਿੱਤਾ ਹੈ ।

ਮੁੱਖ ਸੇਵਾਦਾਰ ਗੁਰਪ੍ਰੀਤ ਸਿੰਘ ਬੱਲ ਅਤੇ ਜਨਰਲ ਸਕੱਤਰ ਰਣਜੀਤ ਸਿੰਘ ਦੂਲੇ ਨੇ ਪ੍ਰੈੱਸ ਨੋਟ ਜਾਰੀ ਕਰਦੇ ਦੱਸਿਆ ਕਿ 14 ਫਰਵਰੀ 2019 ਨੂੰ ਬੋਰਡ ਆਫ ਡਾਇਰੈਕਟਰ ਨੇ ਆਪਣੀ ਮੀਟਿੰਗ ਵਿਚ ਤਿੰਨ ਮੈਂਬਰੀ ਇਲਕੈਸ਼ਨ ਕਮਿਸ਼ਨ ਦੀ ਨਿਯੁਕਤੀ ਕਰ ਦਿੱਤੀ ਹੈ । ਇਸ ਕਮਿਸ਼ਨ ਵਿਚ ਹੇਠ ਲਿਖੇ ਮੈਂਬਰ ਸ਼ਾਮਲ ਹਨ :

ਬਲਜਿੰਦਰ ਸਿੰਘ ਸੰਧੂ, ਵਕੀਲ
ਸਤਿੰਦਰ ਕੌਰ ਜੌਹਲ, ਵਕੀਲ
ਗੁਰਚਰਨ ਸਿੰਘ, ਰੀਅਲ ਅਸਟੇਟ ਬਰੋਕਰ

ਅਪ੍ਰੈਲ 2019 ਤੋਂ ਮਾਰਚ 2022 ਦੇ ਸਮੇਂ ਲਈ 11 ਮੈਂਬਰੀ ਬੋਰਡ ਆਫ ਡਾਇਰੈਕਟਰ ਦੀ ਚੋਣ ਲਈ ਮੁੱਖ ਤਰੀਕ/ਸਮਾਂ ਇਸ ਪ੍ਰਕਾਰ ਹੈ :

ਇਲਕੈਸ਼ਨ ਕਮਿਸ਼ਨ ਦੀ ਨਿਯੁਕਤੀ – ਵੀਰਵਾਰ, 14 ਫਰਵਰੀ, ਜਨਰਲ ਸੈਕਟਰੀ ਵਲੋਂ ਇਲਕੈਸ਼ਨ ਕਮਿਸ਼ਨ ਨੂੰ ਜਨਰਲ ਬਾਡੀ ਦੀ ਮੈਂਬਰਸ਼ਿੱਪ ਸੂਚੀ ਅਤੇ ਸਬੰਧਤ ਰਿਕਾਰਡ ਦੇਣ ਦੀ ਤਰੀਕ/ਸਮਾਂ– ਮੰਗਲਵਾਰ 26 ਫਰਵਰੀ 2019 ਦੀ ਤਰੀਕ ਨੂੰ ਸ਼ਾਮ ਦੇ 6 ਵਜੇ ।ਇਲਕੈਸ਼ਨ ਕਮਿਸ਼ਨ ਕੋਲ ਆਪਣੀ ਅਰਜੀ ਦਰਜ ਕਰਵਾਉਣ ਦਾ ਸਮਾਂ – 27 ਫਰਵਰੀ 2019 ਦੀ ਸ਼ਾਮ ਦੇ ਵਜੇ ਤੋਂ ਲੈਕੇ ਸਵੇਰ ਦੇ 11 ਵਜੇ, ਐਤਵਾਰ 17 ਮਾਰਚ 2019 ਦੀ ਤਰੀਕ । ਅਰਜੀ ਵਾਪਿਸ ਕਰਨ ਦੀ ਆਖਰੀ ਤਰੀਕ – ਐਤਵਾਰ ਮਾਰਚ 24, 2019 ਸਵੇਰ ਦੇ 11 ਵਜੇ ਤੱਕਇਲਕੈਸ਼ਨ ਦੀ ਤਰੀਕ/ਸਮਾਂ – ਐਤਵਾਰ, 31 ਮਾਚ 2019 ਨੂੰ ਸਵੇਰ ਦੇ 930 ਤੋਂ ਸ਼ਾਮ ਦੇ 630 ਵਜੇ।

ਪ੍ਰਬੰਧਕ ਕਮੇਟੀ ਵਲੋਂ ਤਿੰਨ ਮੈਂਬਰੀ ਕਮਿਸ਼ਨ ਨੂੰ ਬੇਨਤੀ ਕੀਤੀ ਗਈ ਹੈ ਕਿ ਉਹ ਆਪਣੇ ਸੰਪਰਕ ਦੇ ਨੰਬਰ/ਈ-ਮੇਲ ਅਤੇ ਇਲਕੈਸ਼ਨ ਕਮਿਸ਼ਨ ਦੀ ਜ਼ਿੰਮੇਵਾਰੀ ਨਿਭਾਉਣ ਲਈ ਸਮਾਂ ਨਿਰਧਾਰਤ ਕਰਕੇ ਜਨਰਲ ਬਾਡੀ ਦੇ ਮੈਂਬਰਾਂ ਨੂੰ ਜਾਣੂ ਕਰਵਾ ਦੇਣ ।


UK TRUCK TRAINING CENTRE
ukttc
PCC #179958
Registered as a Private Careers College
Forklift $79 Recertification
Automatic & Manual Trucks
○1:1 Training
Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼ Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ। ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ ਦਾ ਵੀ ਸ਼ਰਤੀਆ ਇਲਾਜ ਹੈ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ ਦਾ ਪੱਕਾ ਇਲਾਜ।
ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ ਜਾਂ ਰੁਕਣਾ। ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ।
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ, ਜਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਪੱਕਾ ਇਲਾਜ।
Exima, ਬਵਾਸੀਰ ਦਾ ਪੱਕਾ ਇਲਾਜ ਹੈ ਅੱਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ। ਕਬਜ਼ ਦਾ ਇਲਾਜ ਤੇ ਸ਼ਰਾਬ ਛਡਣ ਦਾ ਸ਼ਰਤੀਆ ਇਲਾਜ,ਅੱਡੀਆਂ ਦੀਆਂ ਹੱਡੀਆਂ ਵੱਧ ਜਾਣਾ ਤੇ ਪੈਰਾਂ ਦੀਆਂ ਭੌਰੀਆਂ ਦਾ ਪੱਕਾ ਇਲਾਜ ਹੈ।
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
NO SIDE EFFECTS
100% Natural Cure
ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

SherGill Law Firm
Barrister, Solicitor & Notary Public
Services:
• Real Estate
• Residential, Commercial, Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

ਬਿਜਲੀ ਦਾ ਕੋਈ ਵੀ ਛੋਟਾ/ਵਡਾ ਕੰਮ ਹੋਵੇ
• Residential/Commercial/Industrial
• Basement Electrical Wiring
• Service Panel Upgrading
• Fire Alarm
• Driveway Lights
For All Kinds of Electrical Work
Save UPTO 40 TO 50% On Your HYDRO BILL
LED Pot Lights(Indoor/Outdoor) ਲਗਵਾਓ Hydro Bill ਤੇ 40%-50% ਬਚਾਓ
Contact: Nirmal Singh Johal(Certified Electrician)647-716-2677

## ਸ਼੍ਰੋਮਣੀ ਕਮੇਟੀ ਚੋਣਾਂ

### * ਅਸਤੀਫਾ ਦੇ ਚੁੱਕੇ ਫੂਲਕਾ ਦੀ ਮੰਗ ਮੰਨੀ ਗਈ

# ਵਿਧਾਨ ਸਭਾ ਨੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੂੰ ਕੇਂਦਰ ਸਰਕਾਰ ਨਾਲ ਗੱਲਬਾਤ ਦੇ ਅਧਿਕਾਰ ਦਿੱਤੇ



ਚੰਡੀਗੜ੍ਹ, 14 ਫਰਵਰੀ, (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ ਜੀ ਪੀ ਸੀ) ਦੀ ਚੋਣ ਵਿਚ ਦੇਰੀ ਦਾ ਮੁੱਦਾ ਕੇਂਦਰ ਸਰਕਾਰ ਕੋਲ ਲਿਜਾਣ ਲਈ ਪੰਜਾਬ ਵਿਧਾਨ ਸਭਾ ਨੇ ਅੱਜ ਸਾਰੇ ਅਧਿਕਾਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਦੇ ਦਿੱਤੇ ਹਨ। ਇਹ ਅਧਿਕਾਰ ਮਿਲਣ ਦੇ ਕੁਝ ਘੰਟੇ ਪਿੱਛੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਗੁਰਦੁਆਰਿਆਂ ਉੱਤੇ ਕੰਟਰੋਲ ਕਰਨ ਵਾਲੀ ਸਰਬ ਉੱਚ ਸੰਸਥਾ ਦੀਆਂ ਵੇਲੇ ਸਿਰ ਚੋਣਾਂ ਲੋਕਾਂ ਦਾ ਅਧਿਕਾਰ ਹੈ। ਸਦਨ ਤੋਂ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਉਨ੍ਹਾ ਨੇ ਕਿਹਾ ਕਿ ਐੱਸ ਜੀ ਪੀ ਸੀ ਚੋਣਾਂ ਵਿਚ ਦੇਰੀ ਅਸੂਲ ਦੇ ਪੱਖੋਂ ਗਲਤ ਅਤੇ ਪੰਜਾਬ ਦੇ ਲੋਕਾਂ ਨਾਲ ਵਿਤਕਰਾ ਹੈ।

ਇਸ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੇ ਵਿਧਾਇਕ ਐੱਚ ਐੱਸ ਫੂਲਕਾ ਵਲੋਂ ਸਦਨ ਵਿਚ ਉਠਾਏ ਗਏ ਮੁੱਦੇ ਦੇ ਜਵਾਬ ਵਿਚ ਉਨਾਂ ਨੇ ਕਿਹਾ ਕਿ ਐਸ ਜੀ ਪੀ ਸੀ ਚੋਣਾਂ ਵਿਚ ਵੋਟ ਕਰਨਾ ਹਰ ਪੰਜਾਬੀ ਦਾ ਜਮਹੂਰੀ ਹੱਕ ਹੈ ਤੇ ਕੇਂਦਰ ਸਰਕਾਰ ਇਸ ਤੋਂ ਇਨਕਾਰ ਨਹੀਂ ਕਰ ਸਕਦੀ। ਅਕਾਲੀ ਦਲ ਅਤੇ ਭਾਜਪਾ ਦੇ ਮੈਂਬਰਾਂ ਦੇ ਵਿਰੋਧ ਦੇ ਬਾਵਜੂਦ ਸਦਨ ਨੇ ਇਹ ਮੁੱਦਾ ਕੇਂਦਰ ਸਰਕਾਰ ਕੋਲ ਉਠਾਉਣ ਲਈ ਕੈਪਟਨ ਅਮਰਿੰਦਰ ਸਿੰਘ ਨੂੰ ਅਧਿਕਾਰਤ ਕਰ ਦਿੱਤਾ। ਮੁੱਖ ਮੰਤਰੀ ਨੇ ਸਦਨ ਨੂੰ ਭਰੋਸਾ ਦਿੱਤਾ ਕਿ 2016 ਤੋਂ ਪੈਂਡਿੰਗ ਐੱਸ ਜੀ ਪੀ ਸੀ ਚੋਣਾਂ ਛੇਤੀ ਕਰਾਉਣ ਲਈ ਦਬਾਅ ਪਾਉਣ ਵਾਸਤੇ ਉਹ ਕੇਂਦਰੀ ਗ੍ਰਹਿ ਮੰਤਰੀ ਨੂੰ ਮਿਲਣਗੇ। ਆਮ ਆਦਮੀ ਪਾਰਟੀ ਵੱਲੋਂ ਪੇਸ਼ ਕੀਤੇ ਮਤੇ ਨੂੰ ਪ੍ਰਵਾਨ ਕਰਨ ਲਈ ਸਰਕਾਰ ਵੱਲੋਂ ਹਮਾਇਤ ਅਤੇ ਸਪੀਕਰ ਵੱਲੋਂ ਆਗਿਆ ਦੀ ਮੰਗ ਕਰਦੇ ਹੋਏ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਗੁਰਦੁਆਰਾ ਐਕਟ ਰਾਸ਼ਟਰੀ ਕਾਨੂੰਨ ਹੈ ਤੇ ਇਸ ਦੀਆਂ ਵੇਲੇ ਸਿਰ ਚੋਣਾਂ ਕਰਵਾਏ ਜਾ ਕੇਂਦਰ ਸਰਕਾਰ ਦੀ ਡਿਊਟੀ ਹੈ।

ਅਕਾਲੀ ਦਲ ਅਤੇ ਭਾਜਪਾ ਦੇ ਵਿਰੋਧ ਦੇ ਬਾਵਜੂਦ ਸਪੀਕਰ ਨੇ ਇਸ ਮਤੇ ਉੱਤੇ ਵੋਟਿੰਗ ਦਾ ਪ੍ਰਸਤਾਵ ਪੇਸ਼ ਕੀਤਾ ਤਾਂ ਨਤੀਜੇ ਵਜੋਂ ਸਦਨ ਨੇ ਇਹ ਮੁੱਦਾ ਕੇਂਦਰ ਸਰਕਾਰ ਕੋਲ ਉਠਾਉਣ ਲਈ ਕੈਪਟਨ ਅਮਰਿੰਦਰ ਸਿੰਘ ਨੂੰ ਅਧਿਕਾਰ ਦੇ ਦਿੱਤੇ। ਇਸ ਮਤੇ ਨੂੰ ਵੋਟ ਲਈ ਰੱਖੇ ਜਾਣ ਉੱਤੇ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਮੈਂਬਰਾਂ ਨੇ ਡੈਸਕ ਥਪਥਪਾ ਕੇ ਇਸ ਦਾ ਸਵਾਗਤ ਕੀਤਾ। ਬਾਅਦ ਵਿੱਚ ਮੁੱਖ ਮੰਤਰੀ ਨੇ ਪੱਤਰਕਾਰਾਂ ਨੂੰ ਕਿਹਾ ਕਿ ਇਸ ਮੁੱਦੇ ਉੱਤੇ ਸਦਨ ਵਿਚ ਸਰਬ ਸੰਮਤੀ ਸੀ, ਕਿਉਂਕਿ ਇਹ ਚੋਣਾਂ ਤਿੰਨ ਸਾਲ ਤੋਂ ਪੈਂਡਿੰਗ ਸਨ, ਸਿਰਫ ਅਕਾਲੀ ਅਤੇ ਭਾਜਪਾ ਇਸ ਦੇ ਹੱਕ ਵਿਚ ਨਹੀਂ ਸਨ। ਅਸਤੀਫ਼ਾ ਦੇ ਚੁੱਕੇ ਆਮ ਆਦਮੀ ਪਾਰਟੀ ਦੇ ਕੁਝ ਮੈਂਬਰਾਂ ਦੇ ਲਗਾਤਾਰ ਸਦਨ ਦੇ ਮੈਂਬਰ ਰਹਿਣ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਉਹ ਓਨਾ ਚਿਰ ਮੈਂਬਰ ਬਣੇ ਰਹਿਣਗੇ, ਜਦੋਂ ਤੱਕ ਅਸਤੀਫ਼ੇ ਪ੍ਰਵਾਨ ਨਹੀਂ ਹੁੰਦੇ। ਮੁੱਖ ਮੰਤਰੀ ਨੇ ਕਿਹਾ ਕਿ ਉਨਾਂ ਖੁਦ ਵੀ 1984 ਵਿਚ ਪਾਰਲੀਮੈਂਟ ਤੋਂ ਅਸਤੀਫ਼ਾ ਦੇ ਦਿਤਾ ਸੀ ਅਤੇ ਅਸਤੀਫ਼ਾ ਪ੍ਰਵਾਨ ਕੀਤੇ ਜਾਣ ਤੱਕ 2 ਮਹੀਨੇ ਲਗਾਤਾਰ ਮੈਂਬਰ ਬਣੇ ਰਹੇ ਸਨ, ਇਸ ਤਰ੍ਹਾਂ ਹੀ ਹੁੰਦਾ ਹੈ।

# ਦਿੱਲੀ ਸਰਕਾਰ ਦੀ ਸੰਵਿਧਾਨਕ ਹਸਤੀ ਬਾਰੇ ਸੁਪਰੀਮ ਕੋਰਟ ਦੇ ਜੱਜਾਂ ਦਾ ਵੰਡਵਾਂ ਫਤਵਾ

### * ਕੇਸ ਅਗਲੀ ਸੁਣਵਾਈ ਲਈ ਤਿੰਨ ਜੱਜਾਂ ਦੇ ਬੈਂਚ ਕੋਲ ਜਾਵੇਗਾ

ਨਵੀਂ ਦਿੱਲੀ, 14 ਫਰਵਰੀ, (ਪੋਸਟ ਬਿਊਰੋ)- ਦਿੱਲੀ ਸਰਕਾਰ ਦਾ ਅਸਲੀ ਬਾਸ ਕੌਣ ਹੈ? ਇਸ ਉੱਤੇ ਸੁਪਰੀਮ ਕੋਰਟ ਵਿੱਚ ਸੁਣਵਾਈ ਦੇ ਬਾਅਦ ਦੋ ਜੱਜਾਂ ਦੇ ਬੈਂਚ ਦੀ ਰਾਏ ਮਾਮਲਾ ਹੱਲ ਕਰਨ ਵਾਲੀ ਨਹੀਂ ਆਈ। ਅੱਜ ਆਏ ਇਸ 'ਦਿੱਲੀ ਸਰਕਾਰ ਬਨਾਮ ਲੈਫਟੀਨੈਂਟ ਗਵਰਨਰ' ਵਾਲੇ ਕੇਸ ਵਿੱਚ ਸੁਪਰੀਮ ਕੋਰਟ ਦੇ ਦੋਂਹ ਜੱਜਾਂ ਦੀ ਵੱਖੋ-ਵੱਖ ਰਾਏ ਆਈ ਹੈ, ਜਿਸ ਨਾਲ ਮੁਕੱਦਮਾ ਅਜੇ ਹੋਰ ਕਾਨੂੰਨੀ ਚੱਕਰ ਵਿੱਚ ਪਵੇਗਾ।

ਇੱਕ ਜੱਜ, ਜਸਟਿਸ ਸੀਕਰੀ ਨੇ ਆਪਣੇ ਫੈਸਲੇ ਵਿੱਚ ਕਿਹਾ ਕਿ ਆਈ ਏ ਐੱਸ ਅਧਿਕਾਰੀਆਂ ਦੀ ਪੋਸਟਿੰਗ ਤੇ ਟਰਾਂਸਫਰ ਦਾ ਅਧਿਕਾਰ ਲੈਫਟੀਨੈਂਟ ਗਵਰਨਰ ਨੂੰ ਦਿੱਤਾ ਜਾਵੇਗਾ, ਪਰ ਦਾਨਿਕਸ (ਦਿੱਲੀ ਅੰਡਮਾਨ ਐਂਡ ਨਿਕੋਬਾਰ, ਆਈਸਲੈਂਡ ਸਿਵਲ ਸਰਵਿਸ) ਕੇਡਰ ਦੇ ਅਧਿਕਾਰ ਦਿੱਲੀ ਸਰਕਾਰ ਕੋਲ ਹੋਣਗੇ। ਜੇ ਕੋਈ ਮੱਤਭੇਦ ਬਣਨ ਤਾਂ ਮਾਮਲਾ ਰਾਸ਼ਟਰਪਤੀ ਕੋਲ ਭੇਜਿਆ ਜਾਵੇ। ਦੂਸਰੇ ਜਸਟਿਸ ਅਸ਼ੋਕ ਭੂਸ਼ਣ ਨੇ ਕਿਹਾ ਕਿ ਪੂਰੀ ਸਰਵਿਸ ਦੇ ਕੇਸ ਵਿੱਚ ਕੇਂਦਰ ਦੀ ਸਰਕਾਰ ਕੋਲ ਹੀ ਅਧਿਕਾਰ ਰਹਿਣਾ ਚਾਹੀਦਾ ਹੈ। ਜਸਟਿਸ ਸੀਕਰੀ ਨੇ ਆਪਣੇ ਫੈਸਲੇ ਵਿੱਚ ਇਹ ਵੀ ਕਿਹਾ ਹੈ ਕਿ ਚੁਣੀ ਗਈ ਸਰਕਾਰ ਕਮਿਸ਼ਨ ਆਫ ਇਨਕੁਆਇਰੀ ਕਾਇਮ ਕਰ ਸਕਦੀ ਹੈ। ਇਸ ਤਰ੍ਹਾਂ ਦਿੱਲੀ ਸਰਕਾਰ ਨੂੰ ਰਾਹਤ ਮਿਲੀ ਹੈ ਕਿ ਜ਼ਮੀਨਾਂ ਦਾ ਸਰਕਿਲ ਰੇਟ ਮੁੱਖ ਮੰਤਰੀ ਦਫਤਰ ਦੇ ਕੰਟਰੋਲ ਵਿੱਚ ਹੋਵੇਗਾ। ਦਿੱਲੀ ਸਰਕਾਰ ਨੂੰ ਇਸ ਫੈਸਲੇ ਤੋਂ ਵੱਡਾ ਝਟਕਾ ਇਸ ਲਈ ਲੱਗਾ ਹੈ ਕਿ ਐਂਟੀ ਕੁਰੱਪਸ਼ਨ ਬ੍ਰਾਂਚ ਦਾ ਅਧਿਕਾਰ ਕੇਂਦਰ ਸਰਕਾਰ ਨੂੰ ਇਹ ਕਹਿ ਕੇ ਦਿੱਤਾ ਗਿਆ ਹੈ, ਕਿਉਂਕਿ ਪੁਲਿਸ ਕੇਂਦਰ ਦੇ ਕੰਟਰੋਲ ਖੇਤਰ ਵਿੱਚ ਹੈ, ਇਹ ਵੀ ਹੋਣਾ ਚਾਹੀਦਾ ਹੈ। ਫਿਰ ਵੀ ਅੱਜ ਦੇ ਇਸ ਫੈਸਲੇ ਨਾਲ ਦਿੱਲੀ ਸਰਕਾਰ ਦੇ ਜ਼ਿੰਮੇ ਬਿਜਲੀ ਸੁਧਾਰ, ਸਰਕਾਰੀ ਵਕੀਲ ਦੀ ਨਿਯੁਕਤੀ ਅਤੇ ਜ਼ਮੀਨ ਦਾ ਸਰਕਿਲ ਰੇਟ ਤੈਅ ਕਰ ਸਕਣ ਦਾ ਹੱਕ ਮੰਨਿਆ ਗਿਆ ਹੈ।



ਇਸ ਤੋਂ ਪਹਿਲਾਂ ਇਕ ਨਵੰਬਰ 2018 ਨੂੰ ਦਿੱਲੀ ਹਾਈ ਕੋਰਟ ਦੇ ਫੈਸਲੇ ਖਿਲਾਫ ਕੇਜਰੀਵਾਲ ਸਰਕਾਰ ਦੀਆਂ ਪਟੀਸ਼ਨਾਂ ਉੱਤੇ ਸੁਣਵਾਈ ਤੋਂ ਬਾਅਦ ਸੁਪਰੀਮ ਕੋਰਟ ਨੇ ਫੈਸਲਾ ਰਾਖਵਾਂ ਰੱਖ ਲਿਆ ਸੀ। ਕੇਂਦਰ ਤੇ ਦਿੱਲੀ ਸਰਕਾਰ ਦੇ ਸੰਵਿਧਾਨਿਕ ਅਧਿਕਾਰਾਂ ਦੀ ਵਿਆਖਿਆ ਬਾਰੇ ਸੁਪਰੀਮ ਕੋਰਟ ਦੀ ਸੰਵਿਧਾਨ ਬੈਂਚ ਪਿਛਲੇ ਸਾਲ 4 ਜੁਲਾਈ ਨੂੰ ਫੈਸਲਾ ਦੇ ਚੁੱਕੀ ਹੈ, ਜਿਸ ਵਿੱਚ ਕੋਰਟ ਨੇ ਚੁਣੀ ਹੋਈ ਸਰਾਕਾਰ ਨੂੰ ਪਹਿਲ ਦਿੱਤੀ ਅਤੇ ਕਿਹਾ ਸੀ ਕਿ ਲੈਫਟੀਨੈਂਟ ਗਵਰਨਰ ਇਸ ਰਾਜ ਵਿੱਚ ਮੰਤਰੀ ਮੰਡਲ ਦੀ ਸਲਾਹ ਨਾਲ ਕੰਮ ਕਰਨਗੇ, ਪਰ ਉਹ ਕੇਸ ਨੂੰ ਫੈਸਲੇ ਲਈ ਰਾਸ਼ਟਰਪਤੀ ਨੂੰ ਭੇਜ ਸਕਦੇ ਹਨ, ਆਪਣੇ ਆਪ ਕੋਈ ਵੱਡਾ ਫੈਸਲਾ ਨਹੀਂ ਦੇ ਸਕਦੇ। ਇਹ ਵੀ ਕਿਹਾ ਗਿਆ ਸੀ ਕਿ ਉਹ ਦਿੱਲੀ ਦੇ ਪ੍ਰਸ਼ਾਸਨਿਕ ਮੁਖੀ ਜ਼ਰੂਰ ਹਨ, ਪਰ ਉਨ੍ਹਾਂ ਦੇ ਅਧਿਕਾਰ ਸੀਮਤ ਹਨ। ਸੰਵਿਧਾਨ ਬੈਂਚ ਦੇ ਫੈਸਲੇ ਦੇ ਬਾਅਦ ਦਿੱਲੀ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਕਈ ਮਾਮਲਿਆਂ ਵਿੱਚ ਫੈਸਲਾ ਲੈਣ ਦੀ ਛੋਟ ਮਿਲ ਗਈ ਸੀ, ਪਰ ਟਰਾਂਸਫਰਾਂ ਅਤੇ ਪੋਸਟਿੰਗ ਨਾਲ ਜੁੜੇ ਸਰਵਿਸਿਜ਼ ਦੇ ਬਾਰੇ ਫੈਸਲਾ ਹੋਣਾ ਸੀ। ਕੇਂਦਰ ਸਰਕਾਰ ਨੇ 21 ਮਈ 2015 ਨੂੰ ਨੋਟੀਫੀਕੇਸ਼ਨ ਜਾਰੀ ਕਰ ਕੇ ਪਬਲਿਕ ਆਰਡਰ, ਪੁਲਿਸ ਤੇ ਜ਼ਮੀਨ ਤੋਂ ਇਲਾਵਾ ਸਰਵਿਸਿਜ਼ ਦੇ ਖੇਤਰ ਦਾ ਅਧਿਕਾਰ ਲੈਫਟੀਨੈਂਟ ਗਵਰਨਰ ਨੂੰ ਸੌਂਪ ਦਿੱਤਾ ਸੀ, ਜਿਸ ਦੇ ਖ਼ਿਲਾਫ਼ ਦਿੱਲੀ ਸਰਕਾਰ ਦੀ ਅਪੀਲ ਸੁਪਰੀਮ ਕੋਰਟ ਵਿੱਚ ਪੈਂਡਿੰਗ ਸੀ।

ਸੁਪਰੀਮ ਕੋਰਟ ਦੇ ਅੱਜ ਦੇ ਫ਼ੈਸਲੇ ਨੂੰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਮੰਦਭਾਗਾ ਕਰਾਰ ਦਿੰਦੇ ਹੋਏ ਕਿਹਾ ਕਿ ਇਹ ਸੰਵਿਧਾਨ ਦੀ ਮੂਲ ਭਾਵਨਾ ਤੇ ਲੋਕਤੰਤਰ ਦੇ ਖ਼ਿਲਾਫ਼ ਹੈ। ਇਹ ਕਿੰਦਾਂ ਦਾ ਫ਼ੈਸਲਾ ਹੈ ਕਿ 70 ਵਿੱਚੋਂ 67 ਸੀਟਾਂ ਵਾਲੀ ਪਾਰਟੀ ਤੇ ਸਰਕਾਰ ਕੋਲ ਕੋਈ ਅਧਿਕਾਰ ਨਹੀਂ ਤੇ ਤਿੰਨ ਸੀਟਾਂ ਜਿੱਤਣ ਵਾਲੀ ਪਾਰਟੀ (ਭਾਜਪਾ) ਕੋਲ ਸਾਰੇ ਅਧਿਕਾਰ ਹੋ ਸਕਦੇ ਹਨ। ਆਪਣੇ ਘਰ ਪੱਤਰਕਾਰਾਂ ਨਾਲ ਗੱਲਬਾਤ ਵਿੱਚ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਉਹ ਸੁਪਰੀਮ ਕੋਰਟ ਦੇ ਫ਼ੈਸਲੇ ਉੱਤੇ ਕਾਨੂੰਨੀ ਉਪਾਅ ਲੱਭ ਰਹੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਅੱਗੋਂ ਚਾਬੀ ਜਨਤਾ ਦੇ ਹੱਥ ਵਿੱਚ ਹੈ, ਉਹੀ ਦੇਖੇਗੀ ਕਿ ਸਾਨੂੰ ਕਿਵੇਂ ਜਿਤਾਉਣਾ ਹੈ। ਦਿੱਲੀ ਦੇ ਲੋਕ ਅਗਲੀ ਲੋਕ ਲੋਕ ਸਭਾ ਚੋਣ ਵਿੱਚ ਸਾਨੂੰ ਸਾਰੀਆਂ ਸੱਤ ਸੀਟਾਂ ਜਿਤਾਉਣ, ਪਾਰਲੀਮੈਂਟ ਵਿੱਚ ਪਹੁੰਚ ਕੇ ਅਸੀਂ ਦਿੱਲੀ ਨੂੰ ਪੂਰੇ ਰਾਜ ਦਾ ਦਰਜਾ ਦਿਵਾਵਾਂਗੇ।

## ਸ਼ੋਕ ਸਮਾਚਾਰ

### ਹਰਕਮਲ ਸਿੰਘ ਕੈਲਾ ਨਹੀਂ ਰਹੇ



ਬਰੈਂਪਟਨ: ਬੜੇ ਦੁੱਖ ਨਾਲ ਇਹ ਖਬਰ ਸਾਂਝੀ ਕੀਤੀ ਜਾ ਰਹੀ ਹੈ ਕਿ ਬਰੈਂਪਟਨ ਨਿਵਾਸੀ ਕੈਲਾ ਪ੍ਰੀਵਾਰ ਨੂੰ ਉਸ ਵੇਲੇ ਡੂੰਘਾ ਸਦਮਾ ਲੱਗਿਆ ਜਦੋਂ ਹਰਕਮਲ ਸਿੰਘ ਕੈਲਾ ਬੀਤੇ ਮੰਗਲਵਾਰ ਨੂੰ 62 ਸਾਲ ਦੀ ਵਿੱਚ ਅਕਾਲ ਚਲਾਣਾ ਕਰ ਗਏ ਹਨ। ਉਹ ਕੁੱਝ ਸਮੇਂ ਤੋਂ ਬੀਮਾਰ ਚਲੇ ਆ ਰਹੇ ਸਨ। ਹਰਕਮਲ ਸਿੰਘ ਕੈਲਾ ਲੰਮੇ ਸਮੇਂ ਤੋਂ ਬਰੈਂਪਟਨ ਵਿੱਚ ਟੈਕਸੀ ਚਲਾਉਦੇ ਸਨ। ਉਹ ਪਿੱਛੇ ਲੁਧਿਆਣਾ ਜ਼ਿਲੇ ਦੇ ਪਿੰਡ ਕੈਲਾ ਤੋਂ ਸਨ। ਉਹ ਮਨਿੰਦਰ ਸਿੰਘ ਕੈਲਾ ਅਤੇ ਜਸਵਿੰਦਰ ਸਿੰਘ ਕੈਲਾ ਦੇ ਵੱਡੇ ਭਰਾ ਸਨ ਅਤੇ ਗੁਰਮੀਤ ਕੌਰ ਹੰਸਰਾ ਸੁਪਤਨੀ ਨਿਰਮਲ ਸਿੰਘ ਹੰਸਰਾ ਦੇ ਛੋਟੇ ਭਰਾ ਸਨ। ਉਹ ਆਪਣੇ ਪਿਛੇ ਆਪਣੀ ਧਰਮ ਪਤਨੀ, ਦੋ ਸਪੁੱਤਰ, ਇੱਕ ਪੋਤਰਾ ਅਤੇ ਦੋ ਨੂੰਹਾਂ ਨੂੰ ਸਦੀਵੀ ਵਿਛੋੜਾ ਦੇ ਗਏ ਹਨ।

ਹਰਕਮਲ ਕੈਲਾ ਦੀ ਮ੍ਰਿਤਕ ਦੇਹ ਦੇ ਅੰਤਿਮ ਸੰਸਕਾਰ ਸ਼ਨਿਚਰਵਾਰ 16 ਫਰਵਰੀ ਨੂੰ ਬਰੈਂਪਟਨ ਕਰੈਮੇਟੋਰੀਅਮ ਵਿਖੇ ਬਾਅਦ ਦੁਪਹਿਰ 2:30-4:30 ਵਜ੍ਹੇ ਕੀਤੇ ਜਾਣਗੇ, ਉਪਰੰਤ ਅੰਤਿਮ ਅਰਦਾਸ ਉਸੇ ਦਿਨ ਗਲਿਡਨ ਰੋਡ ਗੁਰ-ਦੁਆਰਾ ਸਾਹਿਬ ਵਿਖੇ ਸ਼ਾਮ ਨੂੰ 5-7 ਵਜ੍ਹੇ ਦਰਮਿਆਨ ਕੀਤੀ ਜਾਵੇਗੀ।

ਪ੍ਰੀਵਾਰ ਨਾਲ ਅਫਸੋਸ ਦਾ ਇਜ਼ਹਾਰ ਕਰਨ ਜਾਂ ਅੰਤਿਮ ਸੰਸਕਾਰ ਦੇ ਪ੍ਰੋਗ੍ਰਾਮ ਦੀ ਹੋਰ ਜਾਣਕਾਰੀ ਲਈ ਉਨ੍ਹਾਂ ਦੇ ਸਪੁੱਤਰ ਨਵੀ ਕੈਲਾ ਨੂੰ ਕਾਲ ਕਰੋ 647-287-6285 ਜਾਂ ਉਨ੍ਹਾਂ ਦੇ ਘਰ ਫੋਨ ਕਰੋ 904-450-5942

# ਕਿਰਨ ਬੇਦੀ ਦੇ ਖਿਲਾਫ ਪੁੱਡੂਚੇਰੀ ਦੇ ਮੁੱਖ ਮੰਤਰੀ ਵੱਲੋਂ ਧਰਨਾ ਜਾਰੀ





ਪੁੱਡੂਚੇਰੀ, 14 ਫਰਵਰੀ, (ਪੋਸਟ ਬਿਊਰੋ)- ਪੱਛਮੀ ਬੰਗਾਲ ਵਿੱਚ ਮਮਤਾ ਬੈਨਰਜੀ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਰਾਹ ਉੱਤੇ ਚੱਲਦਿਆਂ ਪੁੱਡੂਚੇਰੀ ਦੇ ਮੁੱਖ ਮੰਤਰੀ ਵੀਰ ਨਾਰਾਇਣ ਸਾਮੀ ਨੇ ਅੱਜ ਲੈਫਟੀਨੈਂਟ ਗਵਰਨਰ ਕਿਰਨ ਬੇਦੀ ਦੇ ਵਿਰੁੱਧ ਵਿਰੋਧ ਵਿਖਾਵਾ ਜਾਰੀ ਰੱਖਿਆ ਹੈ। ਮੁੱਖ ਮੰਤਰੀ ਅਤੇ ਕਈ ਵਿਧਾਇਕ ਕੱਲ੍ਹ ਬੁੱਧਵਾਰ ਦੀ ਰਾਤ ਗਵਰਨਰ ਹਾਊਸ ਦੇ ਬਾਹਰ ਸੜਕ ਉੱਤੇ ਹੀ ਸੁੱਤੇ ਰਹੇ। ਵਰਨਣ ਯੋਗ ਹੈ ਕਿ ਮੁੱਖ ਮੰਤਰੀ ਤੇ ਉਨ੍ਹਾਂ ਦੇ ਸਾਥੀ ਆਪਣੇ ਰਾਜ ਦੀ ਲੈਫਟੀਨੈਂਟ ਗਵਰਨਰ ਕਿਰਨ ਬੇਦੀ ਉੱਤੇ ਸੰਵਿਧਾਨ ਅਤੇ ਪੁੱਡੂਚੇਰੀ ਸਰਕਾਰ ਦੇ ਵਪਾਰ ਨਿਯਮ 1993 ਵਿਰੁੱਧ ਕੰਮ ਕਰਨ ਦਾ ਦੋਸ਼ ਲਾ ਰਹੇ ਹਨ। ਇਸ ਬਾਰੇ ਮੁੱਖ ਮੰਤਰੀ ਨਾਰਾਇਣਸਾਮੀ ਨੇ ਕਿਹਾ ਕਿ ਕਿਰਨ ਬੇਦੀ ਵਲੋਂ ਚੁਣੀ ਹੋਈ ਸਰਕਾਰ ਦਾ ਕੰਮਾਂ ਵਿੱਚ ਲਗਾਤਾਰ ਦਖਲ ਦਿੱਤਾ ਜਾ ਰਿਹਾ ਹੈ। ਉਸ ਨੇ ਸਾਡੀ ਮੁਫਤ ਚੌਲ ਯੋਜਨਾ ਰੱਦ ਕਰ ਕੇ ਫਾਈਲ ਮੋੜ ਦਿੱਤੀ। ਉਨ੍ਹਾਂ ਕਿਹਾ ਕਿ ਲੈਫਟੀਨੈਂਟ ਗਵਰਨਰ ਕਿਸੇ ਚੁਣੀ ਹੋਈ ਸਰਕਾਰ ਦੀਆਂ ਯੋਜਨਾਵਾਂ ਅਤੇ ਨੀਤੀਆਂ ਨੂੰ ਰੋਕ ਨਹੀਂ ਸਕਦੀ। ਇਸ ਦੌਰਾਨ ਕਿਰਨ ਬੇਦੀ ਨੇ ਮੁੱਖ ਮੰਤਰੀ ਨੂੰ ਚਿੱਠੀ ਲਿਖ ਕੇ 21 ਫਰਵਰੀ ਨੂੰ ਸਵੇਰੇ 10 ਵਜੇ ਗੱਲਬਾਤ ਲਈ ਸੱਦਿਆ ਹੈ।

## ਸ: ਗੁਰਚਰਨ ਸਿੰਘ ਗਿਲ ਨਹੀ ਰਹੇ

### ਗਿਲ ਪਰਿਵਾਰ ਨੂੰ ਸਦਮਾ

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥



ਸ: ਗੁਰਚਰਨ ਸਿੰਘ ਗਿਲ, 10 ਫਰਵਰੀ 2019 ਨੂੰ 84 ਸਾਲ ਦੀ ਬਹੁਤ ਹੀ ਵਧੀਆ ਜ਼ਿਦਗੀ ਭੋਗ ਕੇ ਪਰਿਵਾਰ, ਸਾਕ ਸਬੰਧੀਆਂ ਤੇ ਰਿਸ਼ਤੇਦਾਰਾਂ ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਹ ਬੜੇ ਮਿਲਾਪੜੇ ਤੇ ਹਸਮੁਖ ਸੁਭਾਅ ਦੇ ਮਾਲਿਕ ਸਨ ਅਤੇ ਪਿਛੋ ਪਿੰਡ ਘੋਲੀਆ ਕਲਾਂ, ਜਿਲਾ ਮੋਗਾ ਤੋ ਸਨ। ਗੁਰਚਰਨ ਸਿੰਘ ਗਿਲ ਨੇ ਇਕ ਟੀਚਰ ਵਜੋ ਘੋਲੀਆ ਖੁਰਦ, ਡਾਲੇਵਾਲਾ, ਕਾਲੇ ਕੇ ਤੇ ਆਲੇ ਦੁਆਲੇ ਦੇ ਪਿੰਡਾ ਵਿਚ ਸੇਵਾ ਨਿਭਾਈ ਜਿਸਨੂੰ ਪਿੰਡਾ ਆਲੇ ਅਕਸਰ ਯਾਦ ਕਰਦੇ ਹਨ। ਉਹ ਪਿਛਲੇ ਕੁਝ ਸਮੇ ਤੋਂ ਆਪਣੇ ਪੁਤਰ ਦਵਿੰਦਰ ਗਿਲ ਕੋਲ ਰਹਿ ਰਹੇ ਸਨ। ਦਵਿੰਦਰ ਗਿਲ ਲੰਮੇ ਸਮੇ ਤੋਂ ਏਅਰ ਪੋਰਟ ਤੇ ਲਿਮੋ ਚਲਾਂਉਦੇ ਹਨ। ਜਦੋ ਦੇ ਗੁਰਚਰਨ ਸਿੰਘ ਗਿਲ ਕੇਨੇਡਾ ਆਏ, ਉਦੋ ਤੋ ਹੀ ਉਨ੍ਹਾਂ ਦੇ ਪੁੱਤ, ਨੂੰਹ, ਪੋਤਰੇ ਤੇ ਪੋਤੀਆਂ ਨੇ ਉਹਨਾਂ ਦੀ ਬਹੁਤ ਸੇਵਾ ਕੀਤੀ।

ਉਨ੍ਹਾਂ ਦੀ ਦੇਹ ਦੇ ਦਰਸ਼ਨ ਸ਼ੁਕਰਵਾਰ 15 ਫਰਵਰੀ ਸਵੇਰੇ 11 ਤੋਂ ਬਾਦ ਦੁਪਿਹਰ 1 ਵਜੇ ਤੱਕ, ਬਰੈਮਟਨ ਕਰੀਮੇਟੋਰੀਅਮ ਐਂਡ ਵਿਜ਼ੀਟੇਸ਼ਨ ਸੈਂਟਰ, 30 ਬਰੈਮਵਿਨ ਕੋਰਟ, ਬਰੈਮਟਨ (ਟੌਰਬਰਮ ਅਤੇ ਬਰੈਮਹਰਸਟ) ਵਿਖੇ ਕੀਤੇ ਜਾ ਸਕਣਗੇ ਅਤੇ ਇਸ ਤੋਂ ਉਪਰੰਤ ਉਥੇ ਹੀ ਸੰਸਕਾਰ ਕੀਤੇ ਜਾਣਗ। ਇਸੇ ਹੀ ਦਿਨ, ਸ਼ੁਕਰਵਾਰ 15 ਫਰਵਰੀ, ਬਾਦ ਦੁਪਿਹਰ 2:00 - 4:00 ਵਜੇ ਤਕ ਗੁਰੂਦਵਾਰਾ ਉਨਟਾਰੀਓ ਖਾਲਸਾ ਦਰਬਾਰ, 7080 ਡਿਕਸੀ ਰੋਡ, ਮਿਸੀਸਾਗਾ ਵਿਖੇ ਪਾਠ ਦੇ ਭੋਗ ਪਾਏ ਜਾਣਗੇ ਤੇ ਉਨ੍ਹਾਂ ਦੀ ਆਤਮਾ ਦੀ ਸ਼ਾਂਤੀ ਲਈ ਅੰਤਿਮ ਅਰਦਾਸ ਕੀਤੀ ਜਾਵੇਗੀ।

ਅਸੀਂ ਗਿਲ ਪਰਿਵਾਰ ਦੇ ਦੁੱਖ ਵਿਚ ਸ਼ਰੀਕ ਹੁੰਦੇ ਹਾਂ ਤੇ ਵਾਹਿਗੁਰੂ ਦੇ ਚਰਨਾਂ ਵਿਚ ਅਰਦਾਸ ਕਰਦੇ ਹਾਂ ਕਿ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ ਅਤੇ ਪਿਛੇ ਪਰਿਵਾਰ ਅਤੇ ਰਿਸ਼ਤੇਦਾਰਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

ਦੁੱਖ ਸਾਂਝਾ ਕਰਨ ਲਈ ਦਵਿੰਦਰ ਗਿਲ ਨੂੰ 647-999-6952 ਤੇ ਕਾਲ ਕੀਤੀ ਜਾ ਸਕਦੀ ਹੈ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

## ਚੋਣਾਂ ਵਿੱਚ ਰੂਸੀ ਦਖਲ ਦੇ ਕੇਸ ਵਿੱਚ ਟਰੰਪ ਦੇ ਕਰੀਬੀ ਦਾ ਝੂਠ ਫੜਿਆ

ਵਾਸ਼ਿੰਗਟਨ, 14 ਫਰਵਰੀ (ਪੋਸਟ ਬਿਊਰੋ)- ਰਾਸ਼ਟਰਪਤੀ ਚੋਣ ਦੀ ਮੁਹਿੰਮ ਦੌਰਾਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਚੋਣ ਇੰਚਾਰਜ ਰਹਿ ਚੁੱਕੇ ਪਾਲ ਮੈਨਫੋਰਟ ਇਕ ਹੋਰ ਕੇਸ ਦੇ ਦੋਸ਼ੀ ਨਿਕਲੇ ਹਨ। ਇਕ ਫੈਡਰਲ ਜੱਜ ਨੇ ਫ਼ੈਸਲੇ ਵਿਚ ਕਿਹਾ ਕਿ ਮੈਨਫੋਰਟ ਨੇ 2016 ਵਿਚ ਹੋਈ ਰਾਸ਼ਟਰਪਤੀ ਚੋਣ ਵਿਚ ਰੂਸੀ ਦਖਲ ਦੀ ਜਾਂਚ ਕਰਦੇ ਵਿਸ਼ੇਸ਼ ਵਕੀਲ ਰਾਬਰਟ ਮੂਲਰ ਨਾਲ ਸਹਿਯੋਗ ਦੀ ਸਹਿਮਤੀ ਦਿੱਤੀ ਸੀ, ਪਰ ਉਨ੍ਹਾਂ ਨੇ ਇਸ ਦਾ ਉਲੰਘਣ ਕਰ ਕੇ ਝੂਠ ਬੋਲਿਆ। ਅਮਰੀਕੀ ਡਿਸਟ੍ਰਿਕਟ ਕੋਰਟ ਦੀ ਜੱਜ ਏਮੀ ਬਰਮਨ ਜੈਕਸਨ ਨੇ ਚਾਰ ਸਫਿਆਂ ਦੇ ਆਪਣੇ ਫ਼ੈਸਲੇ ਵਿਚ ਕਿਹਾ ਕਿ ਮੈਨਫੋਰਟ ਨੇ ਚੋਣ ਮੁਹਿੰਮ ਤੇ ਟਰੰਪ ਦੀ ਜਿੱਤ ਪਿੱਛੋਂ ਰੂਸੀ ਨਾਗਰਿਕ ਕੌਂਸਟੇਂਟਿਨ ਕਿਲੀਮਨਿਕ ਨਾਲ ਆਪਣੇ ਸਬੰਧਾਂ ਦੇ ਬਾਰੇ ਜਾਣ ਬੁੱਝ ਕੇ ਝੂਠ ਬੋਲਿਆ ਸੀ। ਇਸ ਕੇਸ ਵਿਚ ਉਨ੍ਹਾਂ ਨੂੰ ਅਗਲੇ ਮਹੀਨੇ ਸਜ਼ਾ ਸੁਣਾਈ ਜਾਵੇਗੀ।

"Quality is our strength."
SKYDOME GROUP OF COMPANIES
MINISTRY APPROVED SALVAGE INSPECTION STATION
WE DEAL WITH ALL INSURANCE COMPANIES
Body Centre
Specializing in:
• Collision • Custom Painting
• Mechanical Service
• Frame & Unibody Repair
• Insurance Claims Welcome
Inderjit Singh - Lic. Auto Body Technician/Lic. Mec.
Daljit Singh
President
308 Rutherford Road Brampton
905-874-9878
Skydome Emission & Allignment Centre Inc.
210 Rutherford Rd., Brampton
905-450-9878
WE SELL QUALITY USED CARS
STAFFORD TRUCK CENTRE
30 Stafford Dr., Brampton. Tel: 905-460-1414
HEAD OFFICE: 905-874-9878
Tol Free: 1-877-799-9878, www.skydomeauto.ca

Paramjit Deol CELL: 416-993-7378
Broker 7071 Airport Rd, Suit 201, Mississauga, ON
1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available
Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca
Your neighborhood broker, Call Paramjit Deol Today

Business for Sale

TORONTO $99,000
2481 Lakeshore Blvd W.: ਬਹੁਤ ਹੀ ਵਧੀਆ ਚਲ ਰਿਹਾ ਰੇਸਟੋਰਾਂਟ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋ। ਬਹੁਤ ਹੀ ਘੱਟ ਰੈਂਟ ਸਿਰਫ $3,600 ਅਤੇ ਸੇਲ $7,000 ਪ੍ਰਤੀ ਹਫ਼ਤਾ,ਕਈ ਸਾਲਾਂ ਤੋ ਚਲ ਰਿਹਾ, ਵਧੀਆ ਪਲਾਜ਼ੇ ਚ ਤੇ ਹੋਰ ਵੀ ਬਹੁਤ ਕੁਝ।

TORONTO $140,000
1051 Midland Ave : ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ ਪਿਜ਼ਾ ਸ਼ਾਪ ਜਿਸ ਦੀ ਆਮਦਨ $15,000/ਮਹੀਨਾ, ਬਹੁਤ ਹੀ ਘੱਟ ਰੈਂਟ ਸਿਰਫ $1,525/ਮਹੀਨਾ, ਤੇ ਹੋਰ ਵੀ ਬਹੁਤ ਕੁਝ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

TORONTO $69,000
256 Brownsline Rd : ਬਹੁਤ ਹੀ ਵਧੀਆ ਚੱਲ ਰਿਹਾ ਵੀਅਤਨਾਮੀ ਤੇ ਥਾਈ ਰੈਸਟੋਰੈਂਟ, ਡੋਗ ਜੀਆ ਸੇਲ ਤੇ, ਵਧੀਆ ਲੋਕੇਸ਼ਨ, ਹਾਈ ਟ੍ਰੈਫਿਕ ਫਲੋ, ਬਹੁਤ ਹੀ ਘੱਟ ਰੈਂਟ, $1,800 ਪ੍ਰਤੀ ਮਹੀਨਾ। ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

BRAMPTON $54,900
255B Rutherford Rd S 06: ਵਧੀਆ ਚਲ ਰਿਹਾ ਬਿਜ਼ਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਬਹੁਤ ਹੀ ਘੱਟ ਰੈਂਟ ਅਤੇ ਸੇਲ $25,000 ਪ੍ਰਤੀ ਮਹੀਨਾ। 4 ਅਲਾਇੰਨਮੈਂਟ ਸਪੋਟਸ, ਏਅਰ ਕੰਪਰੈਸਰ, ਟਾਇਰ ਚੇਨਜਰ, ਵੀਲ ਬੈਲੇਂਸਰ, ਹੋਰ ਵੀ ਬਹੁਤ ਕੁਝ।

BRAMPTON $199,000
8770 Gore Rd 6: ਬਹੁਤ ਹੀ ਵਧੀਆ ਚਲ ਰਿਹਾ ਸ੍ਰੀ ਲਨਕਣ ਤੇ ਇੰਡੀਅਣ ਰੈਸਟੋਰੈਂਟ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ $30000 ਤੋਂ ਵੱਧ ਸੇਲ, ਬਹੁਤ ਹੀ ਘੱਟ ਰੈਂਟ ਸਿਰਫ $3575/ਮਹੀਨਾ। ਹਾਈ ਟਰੇਫਿਕ ਫਲੋਂ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰ ਸਕਦੇ ਹੋ।

MISSISSAUGA $159,900
2960 Drew Rd E 137: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚੱਲ ਰਹੀ ਪਿਜਾ ਸ਼ਾਪ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ $50,000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ $3051, ਹਾਈ ਟਰੇਫਿਕ ਫਲੋਂ, ਅੱਜ ਹੀ ਕਾਲ ਕਰੋ।

BRAMPTON $240,000
15 Ashby Field Rd 9: ਲੰਘ ਗਿਆ ਸਮਾਂ ਹੱਥ ਨਹੀ ਆਉਣਾ, ਬਹੁਤ ਹੀ ਵਧੀਆ ਚੱਲ ਰਹੀ ਪਿਜ਼ਾ ਸ਼ਾਪ, ਹਾਈ ਟ੍ਰੈਫਿਕ ਫਲੋਂ, ਘਰਾਂ ਦੇ ਨੇੜੇ, ਅੱਜ ਹੀ ਕਾਲ ਕਰੋ।

BRAMPTON $369,000
15 Brisdale Dr 7&8 : ਹੱਥੋ ਲੰਘ ਗਿਆ ਸਮਾਂ ਵਾਪਿਸ ਨਹੀ ਆਉਣਾ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ,ਬਹੁਤ ਹੀ ਵਧੀਆ ਚਲ ਰਹੀ ਬਾਰ/ਪੱਬ ਵਿਕਾਊ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $70,000/ਮਹੀਨਾ, ਆਦਿ।

House for Sale

BRANTFORD $525,000
118&120 Morrell St: ਬਹੁਤ ਹੀ ਵਧੀਆ ਲੋਕੇਸ਼ਨ ਤੇ, 3+1 ਬੈਡਰੂਮ ਅਪਾਰਟਮੈਂਟ, ਵਧੀਆ ਰੌਸ਼ਨੀ, ਸਾਰੀਆਂ ਸਹੂਲਤਾਂ ਦੇ ਨੇੜੇ।

BRAMPTON $349,000
4 Kings Cross Rd : ਬਹੁਤ ਹੀ ਵਧੀਆ ਲੋਕੇਸ਼ਨ ਤੇ ਬਣਿਆ 1+1 ਬੈਡਰੂਮ ਅਤੇ 1 ਵਾਸ਼ਰੂਮ ਦਾ ਕਾਂਡੋ ਅਪਾਰਟਮੈਂਟ। ਮਾਡਰਨ ਕਿਚਨ, ਬਰੈਮਲੀ ਸਿਟੀ ਸੈਂਟਰ ਦੇ ਨੇੜੇ, ਗੋ ਸਟੇਸ਼ਨ, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

BRAMPTON $699,900
3328 Victoria Ave.: ਬਹੁਤ ਹੀ ਵਧੀਆ ਤੇ ਸਾਫ ਸੁਥਰਾ 3+1 ਬੈਡਰੂਮ ਅਤੇ 3 ਵਾਸ਼ਰੂਮ ਘਰ, ਹਾਰਡਵੁਡ ਫਲੌਰ, ਫਿਨੀਸ਼ਡ ਬੈਸਮੈਂਟ, ਸੇਪਰੇਟ ਕਿਚਨ ਅਤੇ ਹੋਰ ਵੀ ਬਹੁਤ ਕੁਝ।

BRAMPTON $789,000
29 Larkspur Rd.: ਬਹੁਤ ਹੀ ਸੋਹਣਾ 3+2 ਬੈਡਰੂਮ ਅਤੇ 4 ਵਾਸ਼ਰੂਮ ਦਾ ਡਿਟੈਚਡ ਘਰ, ਹਾਈ ਡਿਮਾਂਡ ਏਰੀਆ, ਮਾਡਰਨ ਕਿਚਨ,ਮਾਸਟਰ ਬੈਡਰੂਮ ਨੂੰ 5 ਪਿਸ ਇੰਨ ਸੂਟ, ਫਿਨਿਸ਼ਡ ਬੇਸਮੈਂਟ, ਹਾਰਡਵੁਡ ਫਲੋਰ, ਆਦਿ ਸਹੂਲਤਾਂ ਦੇ ਨੇੜੇ।

BRAMPTON $179,000
384 Yonge St.11 : ਬਹੁਤ ਹੀ ਵਧੀਆ ਲੋਕੇਸ਼ਨ ਤੇ, ਬਿਜਨਸ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋਂ। ਇੰਡੋਰ ਰਿਟੇਲ ਸ਼ਾਪ, ਨਵਾਂ ਸਬਵੇ ਬਣਨ ਵਾਲੇ ਦੇ ਨੇੜੇ, ਹਾਰਡਵੁਡ ਫਲੌਰ, ਅਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

TORONTO $899,000
Keele / Finch/York Univeristy: ਬਹੁਤ ਹੀ ਸੋਹਣਾ 7+3 ਬੈਡਰੂਮ ਅਤੇ 11 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ, ਬਹੁਤ ਸਾਰੇ ਅਪਗਰੇਡਜ਼, ਬਹੁਤ ਹੀ ਵਧੀਆ ਲੋਕੇਸ਼ਨ, ਹਾਈ ਡਿਮਾਂਡ ਏਰੀਆ, ਰਿਟੇਲ ਇਨਕਮ $6400, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ, ਜਰੂਰ ਦੇਖੋ !!

BRAMPTON $910,000
18 Berwick Ave: ਬਹੁਤ ਹੀ ਸਾਫ ਸੁਥਰਾ 4+2 ਬੈਡਰੂਮ, 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਰੈਨੋਵੇਟਡ ਘਰ, ਹਾਰਡਵੁਡ ਫਲੌਰ, ਰੈਨੋਵੇਟਡ ਬੈਸਮੈਂਟ ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਸਹੂਲਤਾਂ ਦੇ ਨੇੜੇ।

CALEDON $1,009,999
Mayfield & McVeen : ਬਹੁਤ ਹੀ ਵਧੀਆ 3+1 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਬੰਗਲੋ, ਫੂਲੀ ਅਪਗ੍ਰੇਡਡ, ਹਾਰਡਵੂਡ ਫਲੌਰ, ਫਿਨੀਸ਼ਡ ਬੇਸਮੈਂਟ, ਬਹੁਤ ਹੀ ਵਡਾ ਗਰਾਜ, ਆਦਿ ਸਹੂਲਤਾਂ ਦੇ ਨੇੜੇ।

*Canadian punjabi post assumes no responsibility for the accuracy of any information shown. Copyright Ppost 2019

## ਅਮਰੀਕੀ ਹਵਾਈ ਫ਼ੌਜ ਦੀ ਸਾਬਕਾ ਖ਼ੁਫ਼ੀਆ ਅਫਸਰ ਉੱਤੇ ਈਰਾਨ ਦੀ ਮਦਦ ਦਾ ਦੋਸ਼ ਲੱਗਾ



ਵਾਸ਼ਿੰਗਟਨ, 14 ਫਰਵਰੀ (ਪੋਸਟ ਬਿਊਰੋ)- ਅਮਰੀਕਾ ਨੇ ਆਪਣੀ ਹਵਾਈ ਫ਼ੌਜ ਦੀ ਇੱਕ ਸਾਬਕਾ ਖ਼ੁਫ਼ੀਆ ਅਧਿਕਾਰੀ ਮੋਨਿਕਾ ਉੱਤੇ ਸਾਈਬਰ ਜਾਸੂਸੀ ਮੁਹਿੰਮ ਵਿਚ ਈਰਾਨ ਦੀ ਮਦਦ ਕਰਨ ਦਾ ਦੋਸ਼ ਲਾਇਆ ਹੈ। ਅਪਣੀ ਕਾਰਵਾਈ ਹੇਠ ਅਮਰੀਕਾ ਨੇ ਚਾਰ ਈਰਾਨੀ ਨਾਗਰਿਕਾਂ ਉੱਤੇ ਵੀ ਇਹੋ ਦੋਸ਼ ਲਾਇਆ ਹੈ।

ਇਸ ਬਾਰੇ ਅਮਰੀਕਾ ਦਾ ਕਹਿਣਾ ਹੈ ਕਿ ਇਹ ਚਾਰੇ ਜਣੇ ਸਾਈਬਰ ਹਮਲੇ ਵਿਚ ਸ਼ਾਮਲ ਸਾਬਤ ਹੋਏ ਸਨ। ਇਸ ਤੋਂ ਇਲਾਵਾ ਈਰਾਨ ਵਿਚਲੇ ਦੋ ਅਦਾਰਿਆਂ ਨਿਊ ਹੋਰਾਈਜਨ ਆਰਗੇਨਾਈਜੇਸ਼ਨ ਅਤੇ ਪੇਗਾਰਡ ਸਾਮਾਵਟ ਕੰਪਨੀ ਅਤੇ ਦੋਵੇਂ ਗਰੁੱਪਾਂ ਨਾਲ ਜੁੜੇ ਕਈ ਲੋਕਾਂ ਨੂੰ ਬੈਨ ਵੀ ਕੀਤਾ ਗਿਆ ਹੈ। ਅਮਰੀਕੀ ਅਧਿਕਾਰੀਆਂ ਨੇ ਕਿਹਾ ਕਿ ਸਾਬਕਾ ਖ਼ੁਫ਼ੀਆ ਅਧਿਕਾਰੀ ਮੋਨਿਕਾ ਨੇ ਸਾਲ 2013 ਵਿਚ ਅਮਰੀਕੀ ਖ਼ੁਫ਼ੀਆ ਅਧਿਕਾਰੀਆਂ ਬਾਰੇ ਕਲਾਸੀਫ਼ਾਈਡ ਸੂਚਨਾਵਾਂ ਈਰਾਨ ਨੂੰ ਪੁਚਾਈਆਂ ਸਨ। ਨਿਊ ਹੋਰਾਈਜਨ ਵੱਲੋਂ ਕਰਵਾਈਆਂ ਦੋ ਕੌਮਾਂਤਰੀ ਕਾਂਨਫਰੰਸਾਂ ਵਿਚ ਹਿੱਸਾ ਲੈਣ ਪਿੱਛੋਂ ਸਾਬਕਾ ਹਵਾਈ ਫ਼ੌਜ ਅਧਿਕਾਰੀ ਨੂੰ ਨਿਯੁਕਤ ਕੀਤਾ ਗਿਆ ਸੀ। ਨਿਊ ਹੋਰਾਈਜਨ ਨੇ ਈਰਾਨ ਦੇ ਰਿਵੋਲਿਊਸ਼ਨਰੀ ਗਾਰਡ ਕੁਦਸ ਫੋਰਸ ਦੇ ਮਾਈਗਰੇਸ਼ਨ ਦੇ ਸਮਰਥਨ ਕੀਤਾ ਸੀ। ਰਿਵੋਲਿਊਸ਼ਨਰੀ ਗਾਰਡ ਵਿਦੇਸ਼ੀ ਲੋਕਾਂ ਨੂੰ ਭਰਤੀ ਕਰਨ ਤੇ ਖ਼ੁਫ਼ੀਆ ਸੂਚਨਾ ਇਕੱਠੀ ਕਰਨ ਦੀ ਕੋਸ਼ਿਸ਼ ਵਿਚ ਲੱਗਿਆ ਹੋਇਆ ਸੀ।

## ਆਸਟ੍ਰੇਲੀਅਨ ਪਾਰਲੀਮੈਂਟ ਵਿਚ ਮਾਰਕੁਟਾਈ ਹੋਣ ਦੀ ਪੁਲਸ ਜਾਂਚ ਸ਼ੁਰੂ



ਸਿਡਨੀ, 14 ਫਰਵਰੀ (ਪੋਸਟ ਬਿਊਰੋ)- ਆਸਟ੍ਰੇਲੀਅਨ ਪਾਰਲੀਮੈਂਟ ਭਵਨ ਕੰਪਲੈਕਸ ਵਿਚ ਇਕ ਸੈਨੇਟਰ ਦਾ ਦੂਜੇ ਸੈਨੇਟਰ ਦੇ ਇਕ ਕਰਮਚਾਰੀ ਨਾਲ ਝਗੜਾ ਹੋ ਗਿਆ ਸੀ। ਪੁਲਸ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ ਅਤੇ ਪੁਲਸ ਅਤੇ ਪਾਰਲੀਮੈਂਟਰੀ ਅਧਿਕਾਰੀ ਮੰਗਲਵਾਰ ਰਾਤ ਹੋਈ ਇਸ ਘਟਨਾ ਦੀ ਜਾਂਚ ਕਰ ਰਹੇ ਹਨ।

ਵਰਨਣ ਯੋਗ ਹੈ ਕਿ ਇਸ ਘਟਨਾ ਦੌਰਾਨ 70 ਸਾਲਾ ਸੈਨੇਟਰ ਬ੍ਰਿਆਨ ਬਰਸਟਨ ਤੇ ਸੈਨੇਟਰ ਪੌਲਿਨ ਹਾਨਸਨ ਦੇ ਇਕ ਕਰਮਚਾਰੀ ਵਿਚਾਲੇ ਝਗੜਾ ਹੋ ਗਿਆ ਸੀ। ਬਰਸਟਨ ਨੇ ਇਸ ਝਗੜੇ ਪਿੱਛੋਂ ਆਪਣੇ ਅੰਗੂਠੇ ਉੱਤੇ ਸੱਟ ਦਾ ਨਿਸ਼ਾਨ ਦਿਖਾਇਆ। ਉਨ੍ਹਾਂ ਨੇ ਹਾਨਸਨ ਦੇ ਪਾਰਲੀਮੈਂਟਰੀ ਦਫਤਰ ਦੇ ਦਰਵਾਜੇ ਉੱਤੇ ਆਪਣਾ ਖ਼ੂਨ ਲਾਉਣ ਦੀ ਵੀ ਗੱਲ ਮੰਨੀ ਹੈ। ਸ਼ੁਰੂ ਵਿਚ ਉਹ ਇਸ ਗੱਲ ਤੋਂ ਇਨਕਾਰ ਕਰਦੇ ਸਨ। ਬਰਸਟਨ ਨੇ ਕਿਹਾ ਕਿ ਉਨ੍ਹਾਂ ਨੇ ਪੂਰੇ ਮਾਮਲੇ ਦੀ ਜਾਣਕਾਰੀ ਆਸਟ੍ਰੇਲੀਅਨ ਪੁਲਸ ਨੂੰ ਦੇ ਦਿੱਤੀ ਹੈ ਤੇ ਉਹ ਪੁਲਸ ਤੋਂ ਉਸ ਇਸ ਕਰਮਚਾਰੀ ਉੱਤੇ ਪਾਬੰਦੀ ਆਦੇਸ਼ ਜਾਰੀ ਕਰਨ ਦੀ ਮੰਗ ਕਰ ਰਹੇ ਹਨ। ਹਾਨਸਨ ਦੇ ਸਾਥੀ ਜੇਮਜ਼ ਐਸ਼ਬੇ ਦੇ ਪਾਰਲੀਮੈਂਟ ਵਿਚ ਦਾਖਲ ਹੋਣ ਉੱਤੇ ਪਾਬੰਦੀ ਲਾ ਦਿੱਤੀ ਗਈ ਹੈ। ਇਹ ਝਗੜਾ ਉਦੋਂ ਹੋਇਆ ਸੀ, ਜਦੋਂ ਬਰਸਟਨ ਨੇ ਹਾਨਸਨ ਉੱਤੇ ਕਈ ਸਾਲਾਂ ਤੋਂ ਯੌਨ ਇੱਛਾ ਪ੍ਰਗਟ ਕਰਦੇ ਰਹਿਣ ਦਾ ਦੋਸ਼ ਲਾਇਆ ਸੀ। ਹਾਨਸਨ ਨੇ ਇਕ ਅਣਜਾਣ ਪਾਰਲੀਮੈਂਟ ਮੈਂਬਰ, ਜਿਸ ਨੂੰ ਬਰਸਟਨ ਸਮਝਿਆ ਜਾਂਦਾ ਹੈ, ਉੱਤੇ ਜਿਨਸੀ ਬਦਸਲੂਕੀ ਦਾ ਦੋਸ਼ ਲਾਇਆ ਸੀ।

# ਖੋਜ ਅਤੇ ਸਕਿੱਲਜ਼ ਪਲੈਨ ਦੀ ਇੰਟਰਨੈਸ਼ਨਲ ਇਕਾਨੌਮੀ ’ਚ ਕੈਨੇਡਾ ਲਈ ਬਹੁਤ ਲੋੜ : ਸੋਨੀਆ ਸਿੱਧੂ



ਬਰੈਂਪਟਨ, 14 ਫਰਵਰੀ: ਬਰੈਂਪਟਨ ਸਾਊਥ ਦੀ ਮੈਂਬਰ ਪਾਰਲੀਮੈਂਟ ਸੋਨੀਆ ਸਿੱਧੂ ਇਸ ਵੀਕ-ਐਂਡ 'ਤੇ ਕੈਨੇਡਾ ਦੇ ਖੋਜ ਅਤੇ ਸਕਿੱਲਜ਼ ਪਲੈਨ ਉੱਪਰ ਆਪਣੇ ਵਿਚਾਰ ਪ੍ਰਗਟ ਕੀਤੇ ਜਿਨ੍ਹਾਂ ਨਾਲ ਕੈਨੇਡਾ ਦੇ ਨੌਜੁਆਨਾਂ ਵਿਚ ਡਿਜੀਟਲ ਸਕਿੱਲਜ਼ ਵਿਕਸਤ ਕੀਤੇ ਜਾ ਸਕਦੇ ਹਨ। ਇਹ ਸਕਿੱਲਜ਼ ਅਜੋਕੀ ਇੰਟਰਨੈਸ਼ਨਲ ਇਕਾਨੌਮੀ ਵਿਚ ਕੈਨੇਡਾ ਨੂੰ ਦੁਨੀਆਂ ਦੇ ਹੋਰ ਦੇਸ਼ਾਂ ਦੇ ਮੁਕਾਬਲੇ ਵਿਚ ਲਿਆਉਣ ਲਈ ਅਤੀ ਲੋੜੀਂਦੇ ਹਨ।

ਐੱਮ ਪੀ. ਸੋਨੀਆ ਵੱਲੋਂ ਆਪਣੇ ਇਹ ਵਿਚਾਰ ਇਸ ਹਫ਼ਤੇ ਜੂਨੀਅਰ ਕੋਡਜ਼ ਦੇ 'ਕੋਡ ਫ਼ੈੱਸਟ' ਦੌਰਾਨ ਪ੍ਰਗਟਾਏ ਗਏ। ਇਸ ਕੋਡ ਫ਼ੈੱਸਟ ਵਿਚ ਬਰੈਂਪਟਨ ਦੇ ਡਿਜੀਟਲ ਟੇਲੈਂਟ ਨੂੰ ਉਭਾਰਨ ਅਤੇ ਉਸ ਨੂੰ ਅੱਗੋਂ ਟੈਕਨੀਕਲ ਕੰਮਾਂ ਵਿਚ ਵਰਤੋਂ ਵਿਚ ਲਿਆਉਣ ਉੱਪਰ ਜ਼ੋਰ ਦਿੱਤਾ ਗਿਆ। ਇਕ ਚੁਣੌਤੀ ਨੂੰ ਸਵੀਕਾਰਦਿਆਂ ਹੋਇਆਂ 18 ਸਾਲ ਤੋਂ ਹੇਠਲੇ ਨੌਜੁਆਨ ਵੀਡੀਓ-ਗੇਮ ਤਿਆਰ ਕਰ ਰਹੇ ਸਨ। ਪ੍ਰੰਤੂ, ਉਨ੍ਹਾਂ ਦੇ ਸਕਿੱਲਜ਼ ਨੂੰ ਕੈਨੇਡਾ ਵਿਚ ਮਨੁੱਖੀ ਜੀਵਨ ਨੂੰ ਬੇਹਤਰ ਬਨਾਉਣ ਲਈ ਬਿਜ਼ਨੈੱਸ, ਮੈਡੀਸੀਨ ਅਤੇ ਹੋਰ ਖ਼ੇਤਰਾਂ ਵਿਚ ਵਰਤੋਂ ਵਿਚ ਲਿਆਂਦਾ ਜਾ ਸਕਦਾ ਹੈ।

ਆਪਣੇ ਸਬੋਧਨ ਦੌਰਾਨ ਸੋਨੀਆ ਨੇ ਸਰਕਾਰ ਦੀ 50 ਮਿਲੀਅਨ ਕੈਨਕੋਡ ਇਨਵੈੱਸਟਮੈਂਟ ਬਾਰੇ ਵਿਸਥਾਰ ਵਿਚ ਦੱਸਿਆ ਜਿਸ ਰਾਹੀਂ ਨੌਜੁਆਨ ਕੈਨੇਡੀਅਨਾਂ ਨੂੰ ਡਿਜੀਟਲ ਸਕਿੱਲਜ਼ ਦੇ ਵਾਧੇ ਲਈ ਕੋਡਿੰਗ ਅਤੇ ਅਜਿਹੇ ਹੋਰ ਸਕਿੱਲਜ਼ ਪ੍ਰਾਪਤ ਕਰਨ ਲਈ ਮੌਕੇ ਪ੍ਰਦਾਨ ਕੀਤੇ ਜਾਣਗੇ। ਇਹ 'ਕੈਨਕੋਡ' ਸਰਕਾਰ ਦੀ ਨਵੀਂ ਖੋਜ ਅਤੇ ਸਕਿੱਲਜ਼ ਪਲੈਨ ਹੈ ਜਿਸ ਰਾਹੀਂ ਕੈਨੇਡਾ ਆਇਨੋਵੇਸ਼ਨ ਐਂਡ ਡਿਜੀਟਲ ਟੈਕਨਾਲੌਜੀ ਵਿਚ ਸੰਸਾਰ ਦਾ ਆਗੂ ਦੇਸ਼ ਬਣ ਜਾਏਗਾ।

ਇਸ ਬਾਰੇ ਬੋਲਦਿਆਂ ਸੋਨੀਆ ਸਿੱਧੂ ਨੇ ਹੋਰ ਕਿਹਾ,"ਹੁਣ ਜਦ ਦੁਨੀਆਂ ਬੜੀ ਤੇਜ਼ੀ ਨਾਲ ਬਦਲ ਰਹੀ ਹੈ ਅਤੇ ਹੋਰ ਵਧੇਰੇ ਡਿਜੀਟਲ ਹੋਈ ਜਾ ਰਹੀ ਹੈ, ਇਹ ਯਕੀਨੀ ਬਨਾਉਣਾ ਜ਼ਰੂਰੀ ਹੈ ਕਿ ਕੈਨੇਡਾ ਦੇ ਨੌਜੁਆਨ ਗਲੋਬਲ ਇਕੌਨੋਮੀ ਵਿਚ ਆਪਣਾ ਯੋਗਦਾਨ ਪਾਉਣ ਲਈ ਲੋੜੀਂਦੇ ਸਕਿੱਲਜ਼ ਲਗਾਤਾਰ ਅਖ਼ਤਿਆਰ ਕਰਦੇ ਰਹਿਣ।"

## ਵੈਨੇਜ਼ੁਏਲਾ ਤੋਂ ਤੇਲ ਖਰੀਦਣ ਬਾਰੇ ਅਮਰੀਕਾ ਵੱਲੋਂ ਭਾਰਤ ਸਮੇਤ ਕਈ ਦੇਸ਼ਾਂ ਨੂੰ ਚਿਤਾਵਨੀ

ਵਾਸ਼ਿੰਗਟਨ, 14 ਫਰਵਰੀ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਜਾਨ ਬੋਲਟਨ ਨੇ ਭਾਰਤ ਸਮੇਤ ਦੁਨੀਆ ਦੇ ਹੋਰ ਦੇਸ਼ਾਂ ਨੂੰ ਵੈਨੇਜ਼ੁਏਲਾ ਤੋਂ ਤੇਲ ਖਰੀਦਣ ਬਾਰੇ ਚਿਤਾਵਨੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਜੋ ਦੇਸ਼ ਅਤੇ ਕੰਪਨੀਆਂ ਸਮੱਸਿਆਵਾਂ ਵਿੱਚ ਘਿਰੇ ਰਾਸ਼ਟਰਪਤੀ ਨਿਕੋਲਸ ਮਾਦੁਰੋ ਦੀ ‘ਚੋਰੀ' ਦਾ ਸਾਥ ਦੇਣਗੇ, ਉਨ੍ਹਾਂ ਨੂੰ ਭੁੱਲਿਆ ਨਹੀਂ ਜਾਵੇਗਾ। ਉਨ੍ਹਾਂ ਨੇ ਪਿਛਲੇ ਦਿਨੀਂ ਲਾਤੀਨ ਅਮਰੀਕੀ ਦੇਸ਼ ਦੀ ਸਰਕਾਰੀ ਕੰਪਨੀ ਪੀ ਡੀ ਵੀ ਐੱਸ ਏ ਦੇ ਚੇਅਰਮੈਨ ਮੈਨੁਅਲ ਕਿਊਵੇਦੋ ਦੇ ਬਿਆਨ ਦੇ ਇੱਕ ਦਿਨ ਬਾਅਦ ਟਵਿੱਟਰ 'ਤੇ ਇਹ ਚਿਤਾਵਨੀ ਦਿੱਤੀ ਹੈ। ਕਿਊਵੇਦੋ ਨੇ ਗਰੇਟਰ 'ਚ ਆਯੋਜਤ ਪੈਟਰੋਟੈਕ ਸੰਮੇਲਨ ਦੌਰਾਨ ਗੱਲਬਾਤ ਵਿੱਚ ਕਿਹਾ ਸੀ ਕਿ ਪਾਬੰਦੀ ਝੱਲ ਰਿਹਾ ਉਨ੍ਹਾਂ ਦਾ ਦੇਸ਼ ਜ਼ਿਆਦਾ ਮਾਤਰਾ ਵਿੱਚ ਕੱਚਾ ਤੇਲ ਭਾਰਤ ਨੂੰ ਵੇਚਣਾ ਚਾਹੁੰਦਾ ਹੈ। ਅਮਰੀਕਾ ਨੇ ਵੈਨਜ਼ੁਏਲਾ ਦੇ ਕੱਚੇ ਤੇਲ ਦੀ ਬਰਾਮਦ 'ਤੇ ਰੋਕ ਲਾਉਣ ਦੇ ਇਰਾਦੇ ਨਾਲ ਪੀ ਡੀ ਵੀ ਐੱਸ ਏ ਉੱਤੇ ਰੋਕ ਲਾਈ ਹੈ ਅਤੇ ਸਮਾਜਵਾਦੀ ਰਾਸ਼ਟਰਪਤੀ ਮਾਦੁਰੋ 'ਤੇ ਅਹੁਦੇ ਤੋਂ ਹਟਣ ਦਾ ਦਬਾਅ ਬਣਾ ਰਿਹਾ ਹੈ। ਭਾਰਤ ਨੂੰ ਤੇਲ ਸਪਲਾਈ ਦੇ ਮਾਮਲੇ ਵਿੱਚ ਵੈਨੇਜ਼ੁਏਲਾ ਤੀਜਾ ਸਭ ਤੋਂ ਵੱਡਾ ਦੇਸ਼ ਹੈ। ਅਸੀਂ ਹੋਰ ਦੇਸ਼ਾਂ ਨੂੰ ਵੀ ਅਜਿਹਾ ਕਰਨ ਲਈ ਉਤਸ਼ਾਹਤ ਕਰਦੇ ਹਾਂ।”

Tax & Accounting
ਟੈਕਸ ਕਿਵੇਂ ਤੇ ਕਿਥੇ ਬਚਾਇਆ ਜਾ ਸਕਦਾ ਹੈ?
•TAX •HST REBATE •CORPORATION SET UP
•ACCOUNTING •BUSINESS LOAN
CA Chartered Accountants of Canada
CPA
info@cagrover.com
ਇਮਾਨਦਾਰ ਤੇ ਭਰੋਸੇ ਯੋਗ ਸੇਵਾਵਾਂ ਲਈ ਕਾਲ ਕਰੋ:905.247.0193

148-2960 Drew Road, Mississauga ON L4T 0A5 | Harcharan S. Grover

PATANJALI®
Special on Sale
BUY 2 GET 1 FREE
✓Aloe Vera Gel
✓Herbal Toothpaste
✓Any Shampoo
✓Any Soap







Buy 1 and get 2nd 50% off
416.356.3987
647.773.7657
✓Tulsi Vati
✓Neem Vati
www.patanjalisewakendrabrampton.ca
patanjalibrampton@gmail.com


22-2120 North park Dr. Brampton L6S 0C9 905-790-1118
124-1065 Canadian place Mississauga L4W 0C2 905-238-3131
503 Ray Lawson Blvd #3 Brampton L6Y 0N2

Real Estate Exam Prep
ਰਿਐਲਟਰ ਬਣਨ ਦਾ ਸੁਨਿਹਰੀ ਮੌਕਾ,
ਲੰਘ ਗਿਆ ਸਮਾਂ ਹੱਥ ਨਹੀਂ ਆਉਣਾ
The Rules are changing
For Real Estate Licence
It will become a Full Time College course soon!
To Avoid going to college for 2-3 Years, Join Now
Call: 647-625-7961
Pass each exam in just 2 weeks
○Easy to Understand Material
○Important Practice Questions
○Limited Summarized Material


2250 Bovaird Dr E, Unit#407, Medical Building
Behind RBC, Sunny Meadow/Bovaird



# ਸੰਪਾਦਕੀ

## ਔਟਿਜ਼ਮ: ਲੀਸਾ ਮੈਕਲਾਇਡ ਲਈ ਪਰਖ ਦੀਆਂ ਘੜੀਆਂ

ਉਂਟੇਰੀਓ ਸਰਕਾਰ ਵੱਲੋਂ ਔਟਿਜ਼ਮ (Autism) ਤੋਂ ਪੀੜਤ ਬੱਚਿਆਂ ਲਈ ਐਲਾਨੇ ਗਏ ਨਵੇਂ ਪ੍ਰੋਗਰਾਮ ਦਾ ਪ੍ਰੋਵਿੰਸ ਭਰ ਵਿੱਚ ਵਿਰੋਧ ਹੋ ਰਿਹਾ ਹੈ। ਔਟਿਜ਼ਮ ਇੱਕ ਅਜਿਹਾ ਮੁੱਦਾ ਹੈ ਜਿਸ ਉੱਤੇ ਕਿਸੇ ਵੀ ਸਰਕਾਰ ਨੂੰ ਪੂਰਾ ਸਮਰੱਥਨ ਨਹੀਂ ਮਿਲਦਾ ਰਿਹਾ ਕਿਉਂਕਿ ਇਸ ਦੀਆਂ ਲੋੜਾਂ ਅਤੇ ਖਰਚੇ ਅਜਿਹੇ ਹਨ ਕਿ ਸਰਕਾਰੀ ਫੰਡ ਇਸਦੀ ਭਰਪਾਈ ਕਰਨ ਦੇ ਸਮਰੱਥ ਹੋ ਨਹੀਂ ਸਕਦੇ। ਇਹੀ ਕਾਰਣ ਹੈ ਕਿ ਪ੍ਰੋਵਿੰਸ਼ੀਅਲ ਲਿਬਰਲ ਸਰਕਾਰ ਉੱਤੇ ਵੀ ਸਮੇਂ 2 ਉੱਤੇ ਵਾਅਦਾ ਖਿਲਾਫ਼ੀ ਅਤੇ ਬਣਦੇ ਡਾਲਰ ਨਿਰਧਾਰਤ ਨਾ ਕਰਨ ਦੇ ਦੋਸ਼ ਲੱਗਦੇ ਰਹੇ ਹਨ। ਪਰ ਜਿਸ ਕਿਸਮ ਨਾਲ ਚਿਲਡਰਨ, ਕਮਿਊਨਿਟੀ ਅਤੇ ਸੋਸ਼ਲ ਸਰਵਿਸਜ਼ ਮਹਿਕਮੇ ਦੀ ਮੰਤਰੀ ਲੀਸਾ ਮੈਕਲਾਇਡ ਵੱਲੋਂ ਇਸ ਵਿਵਾਦ ਨਾਲ ਸਿੱਝਿਆ ਜਾ ਰਿਹਾ ਹੈ, ਉਸ ਦਰੁਸਤ ਨਹੀਂ ਹੈ।

ਇਹ ਇੱਕ ਜਾਣਿਆ ਪਹਿਚਾਣਿਆ ਤੱਥ ਹੈ ਕਿ ਉਂਟੇਰੀਓ ਵਿੱਚ 23 ਹਜ਼ਾਰ ਦੇ ਕਰੀਬ ਉਹ ਬੱਚੇ ਹਨ ਜੋ ਔਟਿਜ਼ਮ ਦਾ ਇਲਾਜ ਆਰੰਭ ਹੋਣ ਦੀ ਉਡੀਕ ਵਿੱਚ ਹਨ। ਡੱਗ ਫੋਰਡ ਸਰਕਾਰ ਨੇ ਬੀਤੇ ਦਿਨੀਂ ਇੱਕ ਨਵੇਂ ਪ੍ਰੋਗਰਾਮ ਦਾ ਐਲਾਨ ਕੀਤਾ ਜਿਸ ਤਹਿਤ ਔਟਿਜ਼ਮ ਤੋਂ ਪੀੜਤ ਬੱਚਿਆਂ ਦੇ ਪਰਿਵਾਰਾਂ ਨੂੰ ਪੈਸੇ ਸਿੱਧੇ ਜਾਰੀ ਕੀਤੇ ਜਾਣੇ ਸਨ। ਬੱਚਿਆਂ ਦੇ 6 ਸਾਲ ਦੇ ਹੋਣ ਤੱਕ ਹਰ ਸਾਲ 20 ਹਜ਼ਾਰ ਡਾਲਰ ਸਾਲਾਨਾ ਦਿੱਤੇ ਜਾਣੇ ਹਨ ਅਤੇ ਉਸਤੋਂ ਬਾਅਦ 18 ਸਾਲ ਦੀ ਉਮਰ ਤੱਕ 5 ਹਜ਼ਾਰ ਡਾਲਰ ਦਿੱਤੇ ਜਾਣਗੇ। ਵੱਧ ਤੋਂ ਵੱਧ ਇੱਕ ਬੱਚੇ ਲਈ 1 ਲੱਖ 40 ਹਜ਼ਾਰ ਡਾਲਰ ਮਿਲ ਸਕਦੇ ਹਨ ਪਰ ਜਿਹਨਾਂ ਮਾਪਿਆਂ ਦੀ ਉਮਰ ਸਾਲਾਨਾ ਢਾਈ ਲੱਖ ਤੋਂ ਵੱਧ ਹੈ, ਉਹਨਾਂ ਨੂੰ ਕੋਈ ਪੈਸਾ ਨਹੀਂ ਦਿੱਤਾ ਜਾਵੇਗਾ। ਸਰਕਾਰ ਦਾ ਆਖਣਾ ਹੈ ਕਿ ਅਜਿਹਾ ਕਰਨ ਨਾਲ ਉਡੀਕ ਸੂਚੀ ਖਤਮ ਹੋ ਜਾਵੇਗੀ ਜਦੋਂ ਕਿ ਮਾਪਿਆਂ ਦਾ ਇਤਰਾਜ਼ ਹੈ ਕਿ ਔਟਿਜ਼ਮ ਦੇ ਇਲਾਜ ਉੱਤੇ ਜਿੰਨਾ ਖਰਚ ਆਉਂਦਾ ਹੈ, ਉਸਦੇ ਮੁਕਾਬਲੇ ਐਲਾਨ ਕੀਤੇ ਗਏ ਫੰਡ ਆਟੇ ਵਿੱਚ ਲੂਣ ਬਰਾਬਰ ਹਨ।

ਔਟਜ਼ਿਮ ਬੱਚਿਆਂ ਦੇ ਵਿਕਸਤ ਹੋਣ ਵਿੱਚ ਰੁਕਾਵਟ ਵਾਲੀ ਉਹ ਸਥਿਤੀ ਹੈ ਜਿਸ ਵਿੱਚ ਸਬੰਧਿਤ ਬੱਚੇ ਨੂੰ ਗੱਲਬਾਤ ਕਰਨ ਅਤੇ ਲੋੜੀਂਦੀਆਂ ਹਦਾਇਤਾਂ ਸਮਝਣ ਵਿੱਚ ਮੁਸ਼ਕਲ ਆਉਂਦੀ ਹੈ। ਪੀੜਤ ਬੱਚੇ ਦੇ ਮਾਪਿਆਂ ਨੂੰ ਆਮ ਕਰਕੇ ਬੱਚੇ ਦੀ ਉਮਰ ਦੇ ਦੂਜੇ ਜਾਂ ਤੀਜੇ ਸਾਲ ਤੱਕ ਬਿਮਾਰੀ ਦੇ ਹੋਣ ਦਾ ਅਹਿਸਾਸ ਹੋ ਜਾਂਦਾ ਹੈ। ਇਹ ਇੱਕ ਗੁੰਝਲਦਾਰ ਮੈਡੀਕਲ ਸਥਿਤੀ ਹੈ ਜਿਸ ਬਾਰੇ ਆਮ ਭਾਸ਼ਾ ਵਿੱਚ ਐਨਾ ਹੀ ਕਿਹਾ ਜਾ ਸਕਦਾ ਹੈ ਕਿ ਪੀੜਤ ਬੱਚੇ ਦਾ ਦਿਮਾਗ ਜਾਣਕਾਰੀ ਨੂੰ ਸਹੀ ਢੰਗ ਨਾਲ ਪ੍ਰਾਪਤ ਕਰਕੇ ਸਹੀ ਫੈਸਲੇ ਕਰਨ ਤੋਂ ਅਸਮਰੱਥ ਹੁੰਦਾ ਹੈ। ਕੈਨੇਡਾ ਵਿੱਚ ਹਰ 66 ਬੱਚਿਆਂ ਪਿੱਛੇ ਇੱਕ ਬੱਚੇ ਨੂੰ ਔਟਿਜ਼ਮ ਦੀ ਬਿਮਾਰੀ ਹੈ। ਕੈਨੇਡੀਅਨ ਮੈਡੀਕਲ ਐਸੋਸੀਏਸ਼ਨ ਦੇ ਜੌਰਨਲ ਮੁਤਾਬਕ ਕੈਨੇਡਾ ਦੀ 1% ਜਨਸੰਖਿਆ ਔਟਿਜ਼ਮ ਤੋਂ ਪੀੜਤ ਹੈ ਜਿਸਦਾ ਅਰਥ ਹੈ ਕਿ ਉਂਟੇਰੀਓ ਵਿੱਚ 1 ਲੱਖ ਦੇ ਕਰੀਬ ਲੋਕ ਔਟਿਜ਼ਮ ਤੋਂ ਪ੍ਰਭਾਵਿਤ ਹਨ। ਕੁੜੀਆਂ ਦੇ ਮੁਕਾਬਲੇ ਮੁੰਡਿਆਂ ਨੂੰ ਔਟਿਜ਼ਮ ਹੋਣ ਦੇ 4 ਤੋਂ 5 ਗੁਣਾ ਵੱਧ ਆਸਾਰ ਹੁੰਦੇ ਹਨ।

ਹਾਲਾਂਕਿ ਚੋਣਾਂ ਤੋਂ ਪਹਿਲਾਂ ਪ੍ਰੋਵਿੰਸ਼ੀਅਲ ਕੰਜ਼ਰਵੇਟਿਵ ਪਾਰਟੀ ਨੇ ਐਲਾਨ ਕੀਤਾ ਸੀ ਕਿ ਸਰਕਾਰ ਬਣਨ ਦੀ ਸੂਰਤ ਵਿੱਚ ਔਟਿਜ਼ਮ ਵਾਸਤੇ ਉਹਨਾਂ ਵੱਲੋਂ ਲਿਬਰਲ ਸਰਕਾਰ ਨਾਲੋਂ ਵੀ 100 ਮਿਲੀਅਨ ਡਾਲਰ ਵੱਧ ਨਿਵੇਸ਼ ਕੀਤੇ ਜਾਣਗੇ। ਹੁਣ ਜਾਪਦਾ ਹੈ ਕਿ ਖਰਚੇ ਘੱਟ ਕਰਨ ਦੇ ਚੱਕਰ ਵਿੱਚ ਕਈ ਉਹਨਾਂ ਸੇਵਾਵਾਂ ਨੂੰ ਕੱਟ ਕੀਤਾ ਜਾ ਰਿਹਾ ਹੈ ਜੋ ਭਾਵਨਾ ਦੇ ਪੱਧਰ ਉੱਤੇ ਬਹੁਤ ਸੰਵੇਦਨਸ਼ੀਲ ਹਨ। ਗੋਂ ਮੰਤਰੀ ਲੀਸਾ ਮੈਕਲਾਇਡ ਦੇ ਸਟਾਫ਼ ਉੱਤੇ ਇਹ ਵੀ ਦੋਸ਼ ਲੱਗ ਰਹੇ ਹਨ ਕਿ ਉਹਨਾਂ ਨੇ ਔਟਿਜ਼ਮ ਦੇ ਪੀੜਤਾਂ ਦਾ ਇਲਾਜ ਕਰਨ ਵਾਲੇ ਪ੍ਰੋਫੈਸ਼ਨਲਾਂ ਦੀ ਸੰਸਥਾ Ontario Association for Behaviour Analysis (ONBA) ਉੱਤੇ ਨਵੇਂ ਪ੍ਰੋਗਰਾਮ ਨੂੰ ਸਮਰੱਥਨ ਦੇਣ ਲਈ ਜੋਰ ਪਾਇਆ। ਸੰਸਥਾ ਮੁਤਾਬਕ ਮੰਤਰੀ ਦੇ ਸਟਾਫ ਵੱਲੋਂ ਧਮਕੀ ਦਿੱਤੀ ਗਈ ਕਿ ਸਮਰੱਥਨ ਨਾ ਦੇਣ ਦੀ ਸੂਰਤ ਵਿੱਚ ਉਹਨਾਂ ਨੂੰ ਚਾਰ ਸਾਲ ਤੱਕ ਸਰਕਾਰ ਨਾਲ ਬਿਤਾਉਣ ਲਈ ਤਿਆਰ ਰਹਿਣਾ ਚਾਹੀਦਾ ਹੈ।

ਜ਼ੁੰਮੇਵਾਰ ਸਰਕਾਰਾਂ ਨੂੰ ਭਾਈਵਾਲ ਸੰਸਥਾਵਾਂ ਨਾਲ ਅੱਖੜ ਵਤੀਰਾ ਕਰਨ ਤੋਂ ਬਚ ਕੇ ਰਹਿਣਾ ਚਾਹੀਦਾ ਹੈ ਖਾਸ-ਕਰਕੇ ਜੇ ਉਹ ਚੰਗਾ ਕੰਮ ਕਰ ਰਹੀਆਂ ਹੋਣ। ONBA ਨੇ 13 ਫਰਵਰੀ ਨੂੰ ਦੁਬਾਰਾ ਪਰੈੱਸ ਰੀਲੀਜ਼ ਜਾਰੀ ਕਰਕੇ ਆਸ ਪ੍ਰਗਟ ਕੀਤੀ ਹੈ ਕਿ ਸਰਕਾਰ ਪ੍ਰੋਫੈਸ਼ਨਲਾਂ ਨਾਲ ਗੱਲ ਕਰਨ ਲਈ ਤਿਆਰ ਹੋਵੇਗੀ। ਕਿਸੇ ਵੀ ਮਾਮਲੇ ਦਾ ਹੱਲ ਸੰਵਾਦ ਵਿੱਚੋਂ ਹੀ ਹੋ ਕੇ ਨਿਕਲਦਾ ਹੈ, ਇਹ ਗੱਲ ਮੰਤਰੀ ਲੀਸਾ ਮੈਕਲਾਇਡ ਨੂੰ ਪੱਲੇ ਬੰਨਣ ਵਿੱਚ ਹਰਜ਼ ਨਹੀਂ ਹੋਣਾ ਚਾਹੀਦਾ।

## ਸਮਾਰਟ ਫੋਨ ਨੇ ਇਕ ਅਰਬ ਤੋਂ ਵੱਧ ਲੋਕਾਂ ਨੂੰ ਘੱਟ ਸੁਣਾਈ ਦੇਣ ਦਾ ਖਤਰਾ ਪਾਇਆ

ਜਿਨੇਵਾ, 14 ਫਰਵਰੀ (ਪੋਸਟ ਬਿਊਰੋ)- ਯੂ ਐਨ ਦੇ ਮਾਹਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਸਮਾਰਟ ਫੋਨ ਵਿੱਚ ਸੰਗੀਤ ਸੁਣਨ ਤੇ ਲਗਾਤਾਰ ਤੇਜ਼ ਆਵਾਜ਼ ਦੇ ਸੰਪਰਕ ਵਿੱਚ ਰਹਿਣ ਨਾਲ ਇਕ ਅਰਬ ਤੋਂ ਵੱਧ ਲੋਕਾਂ ਨੂੰ ਘੱਟ ਸੁਣਾਈ ਦੇਣ ਦਾ ਖਤਰਾ ਹੈ। ਇਸ ਸਮੱਸਿਆ ਨਾਲ ਨਿਪਟਣ ਲਈ ਯੂ ਐਨ ਨੇ ਨਵੇਂ ਦਿਸ਼ਾ ਨਿਰਦੇਸ਼ ਜਾਰੀ ਕੀਤੇ ਹਨ।



ਤੇਜ਼ ਆਵਾਜ਼ ਜਾਂ ਇਸ ਨਾਲ ਜੁੜੀਆਂ ਹਾਲਤਾਂ, ਜਿਵੇਂ 'ਟਿਨੀਟਸ' ਨਾਲ ਸੁਣਾਈ ਦੇਣ ਦੀ ਸਮਰੱਥਾ ਨੂੰ ਨੁਕਸਾਨ ਤੋਂ ਬਚਣ ਲਈ ਦਿੱਤੇ ਗਏ ਸੁਝਾਵਾਂ ਵਿੱਚ ਨਿੱਜੀ ਆਡੀਓ ਯੰਤਰ ਦੇ ਵਧੀਆ ਕੰਮ ਕਰਨ 'ਤੇ ਧਿਆਨ ਕੇਂਦਰਿਤ ਕਰਨ ਨੂੰ ਕਿਹਾ ਗਿਆ ਹੈ। ਤਕਨੀਕ ਅਧਿਕਾਰੀ ਸ਼ੈਲੀ ਚੱਡਾ ਕਹਿੰਦੀ ਹੈ, 'ਇਕ ਅਰਬ ਤੋਂ ਵੱਧ ਲੋਕਾਂ ਨੂੰ ਘੱਟ ਸੁਣਾਈ ਦੇਣ ਦਾ ਖਤਰਾ ਹੈ ਅਤੇ ਉਹ ਵੀ ਕੇਵਲ ਉਸ ਚੀਜ਼ ਨਾਲ, ਜਿਸ ਨੂੰ ਉਹ ਸਭ ਤੋਂ ਜ਼ਿਆਦਾ ਪਸੰਦ ਕਰਦੇ ਹਨ, ਮਸਲਨ ਲਗਾਤਾਰ ਹੈਡਫੋਨ ਨਾਲ ਸੰਗੀਤ ਸੁਣਨਾ।' ਬੋਲਾ ਹੋਣ ਅਤੇ ਘੱਟ ਸੁਣਾਈ ਦੇਣ ਵਰਗੀਆਂ ਸਮੱਸਿਆਵਾਂ ਨੂੰ ਰੋਕਣ ਦੀ ਦਿਸ਼ਾ ਵਿੱਚ ਡਬਲਯੂ ਐਚ ਓ ਲਈ ਕੰਮ ਕਰ ਰਹੀ ਹੈ। ਉਨ੍ਹਾਂ ਨੇ ਕਿਹਾ ਕਿ, 'ਅਸੀਂ ਸੁਝਾਅ ਦਿੱਤਾ ਹੈ ਕਿ ਸਮਾਰਟ ਫੋਨ ਵਿੱਚ ਇਕ ਸਪੀਡੋਮੀਟਰ ਹੋਣਾ ਚਾਹੀਦਾ, ਜਿਸ ਵਿੱਚ ਮਾਪਣ ਤੰਤਰ ਹੋਵੇਗਾ ਜੋ ਇਹ ਦੱਸੇਗਾ ਕਿ ਤੁਸੀਂ ਕਿੰਨੀ ਤੇਜ਼ ਆਵਾਜ਼ ਸੁਣ ਰਹੇ ਹੋ। ਇਸ ਦੇ ਇਲਾਵਾ ਜੇ ਤੁਸੀਂ ਸੀਮਾ ਤੋਂ ਜ਼ਿਆਦਾ ਤੇਜ਼ ਆਵਾਜ਼ ਸੁਣੋਗੇ ਤਾਂ ਇਹ ਤੁਹਾਨੂੰ ਹੁਸ਼ਿਆਰ ਵੀ ਕਰੇਗਾ।'






# ਕਸ਼ਮੀਰ ਘਾਟੀ ਵਿੱਚ ਵੱਡੇ ਅੱਤਵਾਦੀ ਹਮਲੇ ਦੌਰਾਨ 44 ਜਵਾਨ ਮਾਰੇ ਗਏ

...ਪੰਨਾ 1 ਦਾ ਬਾਕੀ

ਧਮਾਕੇ ਦੀ ਆਵਾਜ਼ ਕਈ ਮੀਲ ਦੂਰ ਤਕ ਸੁਣੀ ਗਈ ਅਤੇ ਕੁਝ ਪਲਾਂ ਬਾਅਦ ਹਾਈਵੇ ਉੱਤੇ ਕਰੀਬ 100 ਮੀਟਰ ਦੇ ਘੇਰੇ ਵਿਚ ਲਾਸ਼ਾਂ ਤੇ ਸਰੀਰਕ ਅੰਗਾਂ ਦੇ ਟੁੱਕੜੇ ਖਿੱਲਰੇ ਪਏ ਹੋਏ ਸਨ। 18 ਸਤੰਬਰ 2016 ਨੂੰ ਉੜੀ ਹਮਲੇ ਮਗਰੋਂ ਇਹ ਅੱਜ ਤੱਕ ਦਾ ਸਭ ਤੋਂ ਵੱਡਾ ਹਮਲਾ ਕਿਹਾ ਗਿਆ ਹੈ। ਉੜੀ ਹਮਲੇ ਵਿਚ 18 ਜਵਾਨ ਮਾਰੇ ਗਏ ਸਨ। ਇਸ ਪਿੱਛੋਂ ਭਾਰਤੀ ਫ਼ੌਜ ਨੇ ਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ ਵਿੱਚ ਦਾਖਲ ਹੋ ਕੇ ਸਰਜੀਕਲ ਸਟ੍ਰਾਈਕ ਕੀਤੀ ਸੀ।





ਮੁੱਢਲੀਆਂ ਰਿਪੋਰਟਾਂ ਮੁਤਾਬਕ ਅੱਜ ਵਾਲੀ ਵਾਰਦਾਤ ਦਾ ਦੋਸ਼ੀ ਆਤਮਘਾਤੀ ਅੱਤਵਾਦੀ ਆਦਿਲ ਅਹਿਮਦ ਉਰਫ਼ ਵੱਕਾਸ ਦੱਖਣੀ ਕਸ਼ਮੀਰ ਦੇ ਗੁੰਡੀਬਾਗ, ਕਾਕਪੋਰਾ, ਪੁਲਵਾਮਾ ਦਾ ਵਾਸੀ ਸੀ, ਜਿਹੜਾ ਅਪ੍ਰੈਲ 2018 ਵਿੱਚ ਅੱਤਵਾਦੀ ਬਣਿਆ ਸੀ। ਦੱਸਿਆ ਜਾਂਦਾ ਹੈ ਕਿ ਉਹ ਜੈਸ਼ ਜਥੇਬੰਦੀ ਦੇ 'ਅਫਜ਼ਲ ਗੁਰੂ ਸਕਵਾਡ' ਵਿੱਚ ਸੀ। 21 ਸਾਲਾ ਆਦਿਲ ਨੂੰ ਸੀ-ਕੈਟੇਗਰੀ ਦੇ ਅੱਤਵਾਦੀਆਂ ਵਿੱਚ ਰੱਖ ਕੇ ਉਸ ਦੇ ਸਿਰ ਦਾ ਤਿੰਨ ਲੱਖ ਰੁਪਏ ਇਨਾਮ ਰੱਖਿਆ ਹੋਇਆ ਸੀ।

ਭਾਰਤ ਸਰਕਾਰ ਨੇ ਜੰਮੂ ਕਸ਼ਮੀਰ ਵਿੱਚ ਸੁਰੱਖਿਆ ਬਲਾਂ ਉੱਤੇ ਅੱਤਵਾਦੀ ਹਮਲੇ ਕਾਰਨ ਸਖਤ ਰੁਖ ਧਾਰਨ ਕਰ ਕੇ ਪਾਕਿਸਤਾਨ ਵਿਚਲੇ ਸਰਗਰਮ ਅੱਤਵਾਦੀ ਗਰੁੱਪ ਜੈਸ਼-ਏ-ਮੁਹੰਮਦ ਦੋਸ਼ੀ ਕਰਾਰ ਦਿੱਤਾ ਅਤੇ ਯੂ ਐੱਨ ਓ ਅਤੇ ਹੋਰ ਦੇਸ਼ਾਂ ਤੋਂ ਪਾਕਿਸਤਾਨ ਸਮਰਥਿਤ ਅੱਤਵਾਦੀ ਗਰੁੱਪਾਂ ਨੂੰ ਪਾਬੰਦੀ ਸ਼ੁਦਾ ਕਰਨ ਦਾ ਸੱਦਾ ਦਿੱਤਾ ਹੈ। ਵਿਦੇਸ਼ ਮੰਤਰਾਲਾ ਵੱਲੋਂ ਜਾਰੀ ਕੀਤੇ ਬਿਆਨ ਵਿੱਚ ਭਾਰਤ ਨੇ ਕਿਹਾ ਹੈ ਕਿ ਅੰਤਰਰਾਸ਼ਟਰੀ ਅੱਤਵਾਦੀ ਅਜ਼ਹਰ ਦੀ ਅਗਵਾਈ ਵਾਲੇ ਅੱਤਵਾਦੀ ਗਰੁੱਪ ਨੂੰ ਚਲਾਉਣ ਤੇ ਉਸ ਦੇ ਢਾਂਚੇ ਨੂੰ ਮਜ਼ਬੂਤ ਕਰਨ ਲਈ ਪਾਕਿਸਤਾਨ ਸਰਕਾਰ ਨੇ ਪੂਰੀ ਆਜ਼ਾਦੀ ਦਿੱਤੀ ਹੈ।

## ਰੇਅਬੋਲਡ ਮਾਮਲੇ ਵਿੱਚ ਟਰੂਡੋ ਨੂੰ ਪਾਰਟੀ ਦੇ ਅੰਦਰੋਂ ਤੇ ਬਾਹਰੋਂ ਕਰਨਾ ਪੈ ਰਿਹਾ ਹੈ ਨੁਕਤਾਚੀਨੀ ਦਾ ਸਾਹਮਣਾ

...ਪੰਨਾ 1 ਦਾ ਬਾਕੀ

ਯੂਨੀਅਨ ਆਫ ਬੀਸੀ ਇੰਡੀਅਨ ਚੀਫਜ਼ ਤੇ ਮੈਨੀਟੋਬਾ ਦੇ ਮੈਨੀਟੋਬਾ ਦੇ ਕੀਵਾਤੀਨੋਵੀ ਓਕੀਮਾਕਾਨਾਕ ਗ੍ਰੈਂਡ ਚੀਫ ਗੈਰੀਸਨ ਸੈਟੀ ਨੇ ਆਖਿਆ ਕਿ ਸੁਲ੍ਹਾ ਦੇ ਮਾਮਲੇ ਵਿੱਚ ਇਹ ਤਾਂ ਸਗੋਂ ਹੀ ਉਲਟਾ ਕਦਮ ਹੋ ਗਿਆ ਜਦਕਿ ਅਸੈਂਬਲੀ ਆਫ ਫਰਸਟ ਨੇਸ਼ਨਜ਼ ਦੇ ਨੈਸ਼ਨਲ ਚੀਫ ਪੈਰੀ ਬੈਲੇਗਾਰਡ ਨੇ ਆਖਿਆ ਕਿ ਕੈਬਨਿਟ ਵਿੱਚੋਂ ਰੇਅਬੋਲਡ ਦੇ ਜਾਣ ਨਾਲ ਜੁੜੇ ਕਈ ਅਜਿਹੇ ਸਵਾਲ ਜਿੰਨ੍ਹਾਂ ਦਾ ਜਵਾਬ ਅਜੇ ਤੱਕ ਨਹੀਂ ਮਿਲਿਆ ਚਿੰਤਾ ਦਾ ਵਿਸ਼ਾ ਹਨ। ਇਸ ਦੌਰਾਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਕੁੱਝ ਵੀ ਗਲਤ ਨਹੀਂ ਵਾਪਰਿਆ ਹੈ ਤੇ ਉਨ੍ਹਾਂ ਆਖਿਆ ਕਿ ਜੇ ਰੇਅਬੋਲਡ ਨੂੰ ਕੋਈ ਦਬਾਅ ਮਹਿਸੂਸ ਹੋ ਰਿਹਾ ਸੀ ਤਾਂ ਉਸ ਨੂੰ ਉਨ੍ਹਾਂ ਨੂੰ ਪਹਿਲਾਂ ਹੀ ਦੱਸਣਾ ਚਾਹੀਦਾ ਸੀ।

## ਵਿਲਸਨ ਰੇਅਬੋਲਡ ਨਾਲ ਕੀਤਾ ਜਾਣ ਵਾਲਾ ਮਾੜਾ ਸਲੂਕ ਟਰੂਡੋ ਨੂੰ ਪੈ ਸਕਦਾ ਹੈ ਭਾਰੀ : ਚੀਫ

...ਪੰਨਾ 1 ਦਾ ਬਾਕੀ

ਜ਼ਿਕਰਯੋਗ ਹੈ ਕਿ ਚੈਂਬਰਲਿਨ ਦਾ ਇਹ ਬਿਆਨ ਯੂਬੀਸੀਆਈਸੀ ਵੱਲੋਂ ਜਾਰੀ ਕੀਤੇ ਗਏ ਉਸ ਖੁੱਲ੍ਹੇ ਖ਼ਤ ਤੋਂ ਦੋ ਦਿਨ ਬਾਅਦ ਆਇਆ ਹੈ ਜਿਸ ਵਿੱਚ ਜੋਡੀ ਵਿਲਸਨ ਰੇਅਬੋਲਡ ਨਾਲ ਵਿਤਕਰਾ ਤੇ ਲਿੰਗ ਦੇ ਅਧਾਰ ਉੱਤੇ ਫਰਕ ਕਰਨ ਦਾ ਦੋਸ਼ ਲਾਇਆ ਗਿਆ ਸੀ। ਚੈਂਬਰਲਿਨ, ਜਿਨ੍ਹਾਂ ਆਖਿਆ ਕਿ ਉਹ ਲੰਮੇਂ ਸਮੇਂ ਤੋਂ ਐਨਡੀਪੀ ਵੋਟਰ ਹਨ, ਨੇ ਇਹ ਪੇਸ਼ੀਨਿਗੋਈ ਵੀ ਕੀਤੀ ਕਿ ਬਹੁਤੇ ਫਰਸਟ ਨੇਸ਼ਨਜ਼ ਆਰੇਂਜ, ਭਾਵ ਐਨਡੀਪੀ, ਨੂੰ ਵੋਟ ਪਾਉਣਗੇ। ਇਸ ਤਰ੍ਹਾਂ ਦੀਆਂ ਕਿਆਸਅਰਾਈਆਂ ਨਿਊ ਡੈਮੋਕ੍ਰੈਟਸ, ਜੋ ਕਿ ਆਪਣਾ ਆਧਾਰ ਮਜ਼ਬੂਤ ਕਰਨ ਲਈ ਸੰਘਰਸ਼ ਕਰ ਰਹੀ ਹੈ ਤੇ ਫੰਡਰੇਜ਼ਿੰਗ ਲਈ ਜੂਝ ਰਹੀ ਹੈ, ਲਈ ਖੁਸ਼ੀ ਵਾਲੀ ਖਬਰ ਹਨ।ਪਰ ਕੁੱਝ ਕੁ ਇੰਡੀਜੀਨਸ ਆਗੂਆਂ ਦਾ ਇਸ ਮਾਮਲੇ ਵਿੱਚ ਵੱਖਰਾ ਖਿਆਲ ਹੈ। ਮੂਰੇ ਸਿਨਕਲੇਅਰ ਸਮੇਤ ਕਈ ਇੰਡੀਜੀਨਸ ਸੈਨੇਟਰਜ਼ ਨੇ ਵੀਰਵਾਰ ਨੂੰ ਇੱਕ ਚਿੱਠੀ ਜਾਰੀ ਕਰਕੇ ਆਖਿਆ ਹੈ ਕਿ ਰੇਅਬੋਅਡ ਦੀ ਕੈਬਨਿਟ ਤੋਂ ਵਿਦਾਈ ਸੁਲ੍ਹਾ ਮਾਮਲੇ ਵਿੱਚ ਕੋਈ ਮਾਰੂ ਭੂਮਿਕਾ ਨਹੀਂ ਨਿਭਾਵੇਗੀ।

ਪੰਜਾਬੀ ਪੋਸਟ
Canadian Punjabi Post

Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

| | |
|---|---|
| Founder Editor | - Jagdish Singh Grewal |
| Managing Director | - Parminder Kaur Grewal |
| Honorary Editor | - Jatinder Pannu |
| Contributing Editors | - Karam Singh Punia<br>- Gyan Singh<br>- Angrej Singh |
| Office Admin Assistant | - Priya Sodhi |
| Marketing Executives | - HS Nagpal<br>- Gurpreet Singh Pall<br>- |
| Photographer | - Kanwaljit Singh Kanwal |
| Distribution | - Aman Warriach |

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

## ਗੀਤਕਾਰ ਮੰਚ, ਪੰਜਾਬੀ ਜਾਗ੍ਰਿਤੀ ਮੰਚ ਅਤੇ ਗਾਇਕ ਕਲਾਕਾਰਾਂ ਵੱਲੋਂ ਮਾਂ ਬੋਲੀ ਦਿਵਸ 16 ਨੂੰ

ਲੁਧਿਆਣਾ, 14 ਫਰਵਰੀ (ਗਿਆਨ ਸਿੰਘ) ਪੰਜਾਬੀ ਗੀਤਕਾਰ ਮੰਚ ਲੁਧਿਆਣਾ ਵੱਲੋਂ ਪੰਜਾਬੀ ਜਾਗ੍ਰਿਤੀ ਮੰਚ, ਪੰਜਾਬ ਅਤੇ ਪੰਜਾਬੀ ਦੇ ਸਮੂਹ ਗਾਇਕ ਕਲਾਕਾਰਾਂ, ਗੀਤਕਾਰਾਂ ਅਤੇ ਸਾਹਿਤਕਾਰਾਂ ਦੇ ਸਹਿਯੋਗ ਨਾਲ ਪੰਜਾਬੀ ਮਾਂ ਬੋਲੀ ਦਿਵਸ 16 ਫਰਵਰੀ ਦਿਨ ਸ਼ਨੀਵਾਰ ਨੂੰ 10 ਤੋਂ 2 ਵਜੇ ਤੱਕ ਪੰਜਾਬੀ ਭਵਨ, ਲੁਧਿਆਣਾ ਵਿਖੇ ਮਨਾਇਆ ਜਾ ਰਿਹਾ ਹੈ । ਸਮਾਗਮ ਸ਼ੁਰੂ ਹੋਣ ਤੋਂ ਪਹਿਲਾਂ ਸਵੇਰੇ 10 ਵਜੇ ਸਮੂਹ ਕਲਾਕਾਰਾਂ, ਗੀਤਕਾਰਾਂ ਅਤੇ ਸਾਹਿਤਕਾਰਾਂ ਦੀ ਹਾਜ਼ਰੀ ਵਿੱਚ ਵਿਸ਼ਾਲ ਮਾਰਚ ਜੋ ਕਿ ਪੰਜਾਬੀ ਭਵਨ ਤੋਂ ਸ਼ੁਰੂ ਹੋ ਕੇ ਜ਼ਿਲ੍ਹਾ ਕਚਹਿਰੀ ਤੱਕ ਕੱਢਿਆ ਜਾਵੇਗਾ । ਜਿਸ ਵਿੱਚ ਪੰਜਾਬੀ ਦੇ ਨਾਂਮਵਰ ਲੋਕ ਗਾਇਕ, ਗੀਤਕਾਰ, ਸਾਹਿਤਕਾਰ ਅਤੇ ਹੋਰ ਕਲਾ ਪ੍ਰੇਮੀ ਹਾਜ਼ਰ ਹੋਣਗੇ । ਇਸ ਤੋਂ ਬਾਅਦ ਸਮਾਗਮ ਦੌਰਾਨ ਪੰਜਾਬੀ ਮਾਂ ਬੋਲੀ ਅਜੋਕੇ ਸਮੇਂ ਵਿੱਚ ਆ ਰਹੀਆਂ ਦਰਪੇਸ਼ ਚੁਣੌਤੀਆਂ ਦੇ ਵਿਸ਼ੇ ਤੇ ਸੈਮੀਨਾਰ ਦੌਰਾਨ ਖੁੱਲ ਕੇ ਵਿਚਾਰਾਂ ਕੀਤੀਆ ਜਾਣਗੀਆਂ । ਇਸ ਮੌਕੇ ਪ੍ਰਸਿੱਧ ਗੀਤਕਾਰ ਮੀਤ ਮੈਹਦਪੁਰੀ, ਪਵਨ ਗਿੱਲਾ ਵਾਲਾ ਦੀਆਂ ਗੀਤਾ ਦੀਆ ਕਿਤਾਬਾਂ ਰਿਲੀਜ਼ ਕੀਤੀਆਂ ਜਾਣਗੀਆਂ ਅਤੇ ਸਮਾਜ ਸੇਵਾ ਨੂੰ ਸਮਰਪਿਤ ਉੱਘੇ ਸਮਾਜ ਸੇਵਕ ਡਾ. ਜਸਬੀਰ ਸਿੰਘ ਘੁਲਾਲ, ਸ. ਸੁਖਜਿੰਦਰ ਸਿੰਘ ਮਾਵੀ ਅਤੇ ਹੋਰ ਕਈ ਨਾਂਮਵਰ ਸਖਸ਼ੀਅਤਾਂ ਦਾ ਸਨਮਾਨ ਕੀਤਾ ਜਾਵੇਗਾ । ਪੰਜਾਬੀ ਗੀਤਕਾਰ ਮੰਚ ਦੇ ਪ੍ਰਧਾਨ ਸਰਬਜੀਤ ਸਿੰਘ ਵਿਰਦੀ ਵੱਲੋਂ ਸਮੂਹ ਲੇਖਿਕਾਂ, ਗਾਇਕਾਂ, ਕਲਾਕਾਰਾਂ, ਗੀਤਕਾਰਾਂ ਅਤੇ ਸਾਹਿਤਕਾਰਾਂ ਨੂੰ ਇਸ ਸਮਾਗਮ ਵਿੱਚ ਪਹੁੰਚਣ ਦੀ ਅਪੀਲ ਕੀਤੀ ਜਾਂਦੀ ਹੈ ।

## ਉਈਗਰ ਮੁਸਲਮਾਨਾਂ ਨੇ ਚੀਨ ਤੋਂ ਆਪਣੇ ਪਿਆਰਿਆਂ ਦੇ ਜ਼ਿੰਦਾ ਹੋਣ ਦਾ ਸਬੂਤ ਮੰਗਿਆ

ਬੀਜਿੰਗ, 14 ਫਰਵਰੀ (ਪੋਸਟ ਬਿਊਰੋ)- ਘੱਟ ਗਿਣਤੀ ਉਈਗਰ ਮੁਸਲਮਾਨਾਂ ਨੇ ਚੀਨ ਉਤੇ ਦਬਾਅ ਬਣਾਉਣ ਲਈ ਇਕ ਸੰਸਾਰ ਪੱਧਰ ਦੀ ਮੁਹਿਮ ਸ਼ੁਰੂ ਕੀਤੀ ਹੈ। ਇਸ 'ਚ ਚੀਨ ਨੂੰ ਕਿਹਾ ਗਿਆ ਹੈ ਕਿ ਉਹ ਸਬੂਤ ਦੇ ਤੌਰ 'ਤੇ ਵੀਡੀਓ ਜਾਰੀ ਕਰਕੇ ਦੱਸੇ ਕਿ ਲਾਪਤਾ ਹੋਏ ਉਨ੍ਹਾਂ ਦੇ ਉਈਗਰ ਰਿਸ਼ਤੇਦਾਰ ਜ਼ਿੰਦਾ ਹਨ ਜਾਂ ਨਹੀਂ।

ਚੀਨ ਦੇ ਸ਼ਿਨਜਿਆਂਗ ਖੇਤਰ 'ਚ ਤੁਰਕੀ ਭਾਸ਼ਾ ਬੋਲਣ ਵਾਲੇ ਉਈਗਰਾਂ ਦੀ ਵੱਡੀ ਆਬਾਦੀ ਹੈ। ਸੋਸ਼ਲ ਮੀਡੀਆ ਉੱਤੇ ਬੀਤੇ ਦਿਨੀਂ 'ਹੈਸ਼ਟੈਗ ਮੀ ਟੂ ਉਈਗਰ' ਨਾਲ ਇਹ ਮੁਹਿੰਮ ਸ਼ੁਰੂ ਕੀਤੀ ਗਈ ਹੈ। ਚੀਨ ਨੇ ਹਿਰਾਸਤ 'ਚ ਮਸ਼ਹੂਰ ਉਈਗਰ ਸ਼ਾਇਰ ਤੇ ਸੰਗੀਤਕਾਰ ਅਬਦੁਰਰੀਮ ਹੇਤ ਦੀ ਮੌਤ ਦੀ ਖਬਰ ਨੂੰ ਗਲਤ ਸਾਬਤ ਕਰਨ ਲਈ ਵੀਡੀਓ ਜਾਰੀ ਕਰ ਕੇ ਉਨ੍ਹਾਂ ਦੇ ਜ਼ਿੰਦਾ ਹੋਣ ਦਾ ਸਬੂਤ ਦਿੱਤਾ ਸੀ। ਵੀਡੀਓ ਵਿੱਚ ਹੇਤ ਨੂੰ ਕਹਿੰਦੇ ਦਿਖਾਇਆ ਗਿਆ, 'ਮੈਂ ਜ਼ਿੰਦਾ ਹਾਂ ਤੇ ਠੀਕ ਹਾਂ।'

## ਵਿਸ਼ਵ ਪੰਜਾਬੀ ਸਾਹਿਤ ਵਿਚਾਰ ਮੰਚ ਦੀ ਇਕੱਤਰਤਾ ਬਸੰਤ ਰੁੱਤ ਨੂੰ ਸਮਰਪਿਤ



ਲੁਧਿਆਣਾ, 14 ਫਰਵਰੀ (ਗਿਆਨ ਸਿੰਘ) ਅੱਜ ਪੰਜਾਬੀ ਭਵਨ ਲੁਧਿਆਣਾ ਵਿਖੇ ਵਿਸ਼ਵ ਪੰਜਾਬੀ ਸਾਹਿਤ ਵਿਚਾਰ ਮੰਚ ਦੀ ਇਕੱਤਰਤਾ ਹੋਈ। ਪ੍ਰਧਾਨਗੀ ਮੰਡਲ ਵਿਚ ਮੰਚ ਦੇ ਪ੍ਰਧਾਨ ਡਾ ਗੁਲਜ਼ਾਰ ਸਿੰਘ ਪੰਧੇਰ, ਜਨਰਲ ਸਕੱਤਰ ਦਲਵੀਰ ਸਿੰਘ ਲੁਧਿਆਣਵੀ ਅਤੇ ਪ੍ਰਿੰ: ਇੰਦਰਜੀਤ ਪਾਲ ਕੌਰ ਸ਼ਾਮਿਲ ਸਨ।

ਡਾ ਪੰਧੇਰ ਨੇ ਬਸੰਤ ਰੁੱਤ ਦੀ ਮਹੱਤਤਾ ਬਾਰੇ ਚਾਨਣਾ ਪਾਉਂਦਿਆਂ ਕਿਹਾ ਕਿ ਇਸ ਦਿਨ ਸਤਿਗੁਰੂ ਰਾਮ ਸਿੰਘ ਜਨਮ ਦਿਹਾੜਾ ਬੜੀ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ, ਉਨ੍ਹਾਂ ਨੇ ਆਜ਼ਾਦੀ ਦੀ ਲਹਿਰ ਵਿਚ ਅਹਿਮ ਯੋਗਦਾਨ ਪਾਇਆ ਹੈ।

ਦਲਵੀਰ ਸਿੰਘ ਲੁਧਿਆਣਵੀ ਨੇ ਆਪਣੇ ਵਿਚਾਰ ਰੱਖਦਿਆਂ ਕਿਹਾ ਕਿ ਬਸੰਤ ਖੁਸ਼ਨੁਮਾ ਰੁੱਤ ਹੈ; ਇਸ ਦੌਰਾਨ ਰੰਗ-ਬਰੰਗੇ ਫੁੱਲ ਖਿੜ੍ਹਨ ਨਾਲ ਸਾਰੀ ਪ੍ਰਾਕਿਰਤੀ ਹੀ ਸੱਜ-ਵਿਆਹੀ ਵਹੁੱਟੀ ਵਾਂਗ ਫੱਬ ਉਠਦੀ ਹੈ। ਤੇ ਇਕ ਸੁਨੇਹਾ ਮਨੁੱਖ ਨੂੰ ਵੀ ਦੇ ਜਾਂਦੀ ਹੈ ਕਿ ਫੁੱਲਾਂ ਵਾਂਗ ਸਦਾ ਮੁਸਰਾਉਂਦੇ ਰਹੋ।

ਰਚਨਾਵਾ ਦੇ ਦੌਰ ਵਿਚ ਇੰਦਰਜੀਤਪਾਲ ਕੌਰ ਨੇ ਕਹਾਣੀ 'ਜੁਹੂ ਬੀਚ', ਹਰਬੰਸ਼ ਮਾਲਵਾ ਨੇ ਗੀਤ 'ਜਦ ਵੀ ਤੈਨੂੰ ਖਤ ਲਿਖਦਾ ਹਾਂ, ਖ਼ੁਦ ਹੀ ਖਤ ਹੋ ਜਾਈਦਾ' ਡਾ ਬਲਵਿੰਦਰ ਅਲਖ ਗਲੈਕਸੀ ਨੇ 'ਬੜਾ ਮੁਸ਼ਕਲ ਹੈ', ਅਮਰਜੀਤ ਸ਼ੇਰਪੁਰੀ ਨੇ 'ਅੱਖਰਾਂ ਨਾਲ ਪਿਆਰ ਨੂੰ ਸਜਾ ਦਿਆ ਕਰੋ', ਰਬਿੰਦਰ ਦੀਵਾਨਾ ਨੇ 'ਹੁਣ ਸਾਡਾ ਹਾਲ ਪੁੱਛਦਾ' ਸੁਰ ਤੇ ਤਾਲ ਵਿਚ ਗੀਤ ਪੇਸ਼ ਕੀਤਾ, ਭਪਿੰਦਰ ਸਿੰਘ ਧਾਲੀਵਾਲ ਨੇ 'ਸਾਹਿਤ ਦੀ ਸਾਰਥਿਕਤਾ', ਇੰਜ ਸੁਰਜਨ ਸਿੰਘ ਨੇ 'ਪਲ ਦੋ ਪਲ ਦਾ ਸਾਥ ਤੇਰਾ, ਯਾਦ ਬਣ ਕੇ ਰਹਿ ਗਿਆ' ਆਦਿ ਨੇ ਆਪੋ-ਆਪਣੀਆਂ ਤਾਜ਼ਾ ਤਰੀਨ ਰਚਨਾਵਾਂ ਪੇਸ਼ ਕੀਤੀਆਂ। ਪੇਸ਼ ਕੀਤੀਆਂ ਗਈਆਂ ਰਚਨਾਵਾਂ 'ਤੇ ਉਸਾਰੂ ਸੁਝਾਅ ਵੀ ਦਿੱਤੇ ਗਏ।









ਕਰਨੈਲ ਸਿੰਘ ਟੋਰਾਂਟੋ
416-746-7642

# ੧ੳ ਸਤਿਗੁਰ ਪ੍ਰਸਾਦਿ॥

ਮਹਾਂ ਪਾਪੀਆਂ ਨੂੰ ਤਾਰਨੇਂ ਆਇਆ, ਸਤਿਗੁਰ ਗੁਰੂ ਨਾਨਕ ਜੀ॥
ਹਿੰਦੂ ਕੈ ਘਰਿ ਹਿੰਦੂ ਆਵੈ॥ ਸੂਤੁ ਜਨੇਊ ਪੜਿ ਗਲਿ ਪਾਵੈ॥
ਸੂਤੁ ਪਾਇ ਕਰੇ ਬੁਰਿਆਈ॥ ਨਾਤਾ ਧੋਤਾ ਥਾਇ ਨ ਪਾਈ॥
(ਮ: ੧॥ ਪੰਨਾ ੯੫੧)

ਅਰਥ:- ਹਿੰਦੂ ਦੇ ਘਰ ਵਿਚ ਬ੍ਰਾਹਮਣ ਆਉਂਦਾ ਹੈ, ਵੇਦ ਮੰਤ੍ਰ, ਪੜ੍ਹਕੇ ਸੂਤ ਦੇ ਧਾਗੇ ਦਾ ਜਨੇਊ ਖੱਤ੍ਰੀ ਦੇ ਗਲ ਵਿਚ ਪਾ ਦਿੰਦਾ ਹੈ। ਅੱਗਰ ਖੱਤ੍ਰੀ ਧਰਮ ਦਾ ਪ੍ਰਤੀਕ ਜਨੇਊ ਪਾਕੇ, ਬਿਰਿਆਈ=ਬੁਰੇ ਕਰਮ ਕਰਦਾ ਹੈ ਤਾਂ ਗੁਰੂ ਨਾਨਕ ਦੇਵ ਮਹਾਰਾਜ ਕਹਿੰਦੇ ਹਨ:- ਉਸ ਖੱਤ੍ਰੀ ਦਾ ਨਾਉਣਾ ਧੋਣਾ ਥਾਹੇ ਨਹੀਂ ਪੈਂਦਾ। ਪਰਮੇਸ਼ਰ ਦੀ ਦਰਗਾਹ ਵਿਚ ਪਰਵਾਨ ਨਹੀਂ ਹੁੰਦੀ ਉਸਦੀ ਭਗਤੀ।

ਨੋਟ:- ਜੇਕਰ ਪੰਜ ਕੱਕਾਰ ਪਾ ਕੇ ਗੁਰੂ ਕਾ ਸਿੱਖ ਬੁਰੇ ਕਰਮ ਕਰੇਗਾ, ਤਾਂ ਉਹ ਗੁਰਸਿੱਖ ਨੂੰ ਦਰਗਾਹ ਵਿਚੋਂ ਹੁਕਮ ਸੁਣਾਕੇ, ਨਰਕਾਂ ਦੇ ਵਿਚ ਸੁੱਟ ਦਿੰਦੇ ਹਨ। ਗੁਰੂ ਗ੍ਰੰਥ ਸਾਹਿਬ ਦਾ ਸਿਧਾਂਤ ਚਾਰਾਂ ਬਰਨਾਂ ਲਈ ਸਾਂਝਾ ਹੈ। ਕੱਲੇ ਸਿੱਖਾਂ ਲਈ ਨਹੀਂ ਹੈ, ਕੁਲ ਮਨੁੱਖਤਾ ਲਈ ਹੈ। ਗੁਰ ਮਰਿਆਦਾ ਦੀ ਉਲੰਘਣਾ ਕਰਨ ਵਾਲੇ ਨੂੰ ਗੁਰੂ ਜੀ ਸਿੱਖੀ ਤੋਂ ਖਾਰਜ ਕਰ ਦਿੰਦੇ ਹਨ। ਸਾਰੇ ਨਰਕਾਂ ਵਿਚ ਤਸ਼ੀਹੇ ਮਿਲਦੇ ਹਨ।

ਤਥਾ: ਪੜਹਿ ਮਨਮੁਖ ਪਰੁ ਬਿਧਿ ਨਹੀ ਜਾਨਾ॥

ਨਾਮੁ ਨ ਬੂਝਹਿ ਭਰਮਿ ਭੁਲਾਨਾ॥

ਲੈ ਕੈ ਵਢੀ ਦੇਨਿ ਉਗਾਹੀ ਦੁਰਮਤਿ ਕਾ ਗਲਿ ਫਾਹਾ ਹੇ॥੩॥

(ਮ: ੧॥ ਪੰਨਾ ੧੦੩੨)

ਅਰਥ:- ਮਨ ਮੁਖ ਪੁਰਸ਼ ਧਾਰਮਕ ਗ੍ਰੰਥਾ ਨੂੰ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪੜ੍ਹਦੇ ਹਨ, ਪਰ ਵਿਧੀ ਨਹੀਂ ਜਾਣਦੇ, ਭਰਮ ਵਿਚ ਭੁੱਲੇ ਨਾਮ ਨੂੰ ਨਹੀਂ ਜਾਣਦੇ। ਜੋ ਵਿਦਵਾਨ ਪੰਡਿਤੁ, ਰਾਗੀ ਗ੍ਰੰਥੀ ਆਦਿਕ ਝੂਠੇ ਕਾਰਜ ਲਈ ਬਾਣੀ ਪੜ੍ਹਕੇ, ਆਪਣੀ ਗਵਾਹੀ ਪਾਕੇ, ਗੁਰੂ ਗ੍ਰੰਥ ਸਾਹਿਬ ਦੇ ਚਰਨਾ ਵਿਚ ਝੂਠੀ ਅਰਦਾਸ ਕਰ ਦਿੰਦੇ ਹਨ। ਦੁਰਮਤਿ ਕਾ ਗਲ ਫਾਹਾ ਹੇ, ਖੋਟੀ ਮੱਤ ਕਰਕੇ ਗਲ ਵਿਚ ਫਾਹਾ ਪਾਇਗਾ ਜੱਮ॥
ਤਥਾ: ਸਚੁ ਕਮਾਵੈ ਸੋਈ ਕਾਜੀ॥ ਜੋ ਦਿਲ ਸੋਧੈ ਸੋਈ ਹਾਜੀ॥
(ਮਹਲਾ ੫॥ ਪੰਨਾ ੧੦੮੪)

ਅਰਥ:- ਜੋ ਸੱਚ ਬੋਲਦਾ ਹੈ, ਉਹੀ ਅਸਲ ਕਾਜ਼ੀ ਹੈ। ਜੋ ਆਪਣੇ ਦਿਲ ਨੂੰ ਸੋਧੈ=ਬੰਦਗੀ ਕਰਕੇ ਆਪਣੇ ਦਿਲ ਨੂੰ ਸੁਧ ਕਰੇ, ਪਾਪਾਂ ਤੋਂ ਗੁਰੇਜ਼ ਕਰੇ। ਉਹੀ ਅਸਲ ਹਾਜ਼ੀ ਹੈ। ਨੋਟ:- ਸਾਡਾ ਗ੍ਰੰਥੀ ਭਾਈ ਸਾਹਿਬ ਅਗਰ ਸੱਚ ਬੋਲਦਾ ਹੈ, ਤਾਂਹੀ ਅਸਲ ਗ੍ਰੰਥੀ ਹੈ।

ਤਥਾ: ਜਿਨਿ ਜੀਉ ਪਿੰਡੁ ਦਿਤਾ ਤਿਸੁ ਚੇਤਹਿ ਨਾਹਿ॥ ਮੜੀ ਮਸਾਣੀ ਮੂੜੇ ਜੋਗ ਨਾਹਿ॥
(ਮਹਲਾ ੧॥ ਪੰਨਾ ੧੧੯੦)

ਅਰਥ:- ਜਿਸ ਪ੍ਰਮਾਤਮਾ ਨੇ ਜੀਵ ਆਤਮਾਂ ਅਤੇ ਸਰੀਰ ਦੇਹੀ ਦਿੱਤੀ ਹੈ। ਤੂੰ ਉਸਦੇ ਗੁਣਾਂ ਨੂੰ ਭੁੱਲਾ ਦਿੱਤਾ ਹੈ। ਹੇ ਮੂਰਖ ਉਸ ਪਰਮੇਸ਼ਰ ਦੇ ਲਿਖੇ ਸ਼ਬਦਾਂ ਦੀ ਪ੍ਰਵਾਹ ਨਾ ਕਰਦਾ ਹੋਇਆ ਮਸਾਣੀਆਂ ਦੀ ਪੂਜਾ ਸੇਵਾ ਸ਼ੁਰੂ ਕਰ ਦਿੱਤੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲੋਂ ਮੜੀਆਂ ਮਸਾਣੀਆਂ ਦੀ ਜਾਂ ਮਰਿਆਂ ਹੋਇਆਂ ਦੀ ਪੂਜਾ ਸੇਵਾ, ਪੂਰੀ ਸ਼ਰਧਾ ਸਹਿਤ ਹੋ ਰਹੀ ਹੈ।

ਨੋਟ:- ਉਤੇ ਲਿਖੇ ਸ਼ਬਦ ਵਿਚ ਮਨਾ ਕੀਤਾ ਹੈ।

ਤਥਾ: ਮੂੜੇ ਕਾਹੇ ਬਿਸਾਰਿਓ ਤੈ ਰਾਮ ਨਾਮ॥
ਅੰਤ ਕਾਲਿ ਤੇਰੈ ਆਵੈ ਕਾਮ॥ ਰਹਾਉ (ਮ: ੧॥ ਪੰਨਾ ੧੧੮੯)

ਅਰਥ:- ਹੇ ਮੂੜੇ=ਮੂਰਖ ਬੰਦੇ, ਤੈਂ ਰਾਮ ਨਾਮ ਕਿਉਂ ਵਿਸਾਰ ਦਿੱਤਾ ਹੈ। ਜਿਸ ਨਾਮ ਨੇ ਅੰਤ ਸਮੇਂ ਤੇਰੀ ਸਹਾਇਤਾ ਕਰਨੀ ਸੀ।

ਤਥਾ: ਗੁਰ ਪੂਛਿ ਤੁਮ ਕਰਹੁ ਬੀਚਾਰੁ॥ ਜਹ ਦੇਖਉ ਤਹ ਸਾਰਿਗ ਪਾਣਿ॥

ਅਰਥ:- ਗੁਰੂ ਗ੍ਰੰਥ ਸਾਹਿਬ ਨੂੰ ਪੁੱਛਕੇ, ਸੱਤ, ਅਸੱਤ ਦੀ ਬੀਚਾਰ ਕਰ । ਬੀਚਾਰ ਕਰਕੇ ਪਤਾ ਚਲੇਗਾ ਕੇ ਜਿੱਥੇ ਕਿਥੇ ਜੱਲਹਿ ਥੱਲਹਿ ਸਿਰਜਣ-ਹਾਰ ਵਿਆਪਕ ਹੈ।

ਤਥਾ: ਕਉਨੁ ਮੂਆ ਰੇ ਕਉਨੁ ਮੂਆ।
ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ ਇਹੁ ਤਉ ਚਲਤੁ ਭਇਆ॥

ਮਹਲਾ ੫॥ (ਪੰਨਾ ੮੮੫)

ਅਰਥ:- ਹੇ ਭਾਈ ਕਉਣ ਮਰਿਆ ਹੈ, ਬ੍ਰਹਮ ਗਿਆਨੀ ਨਾਲ ਮਿਲ ਕੇ ਵਿਚਾਰ ਕਰੋ। ਇਹ ਤਾਂ ਕਰਤੇ ਦਾ ਇਕ ਕੌਤਕ ਹੀ ਹੋਇਆ ਹੈ।

ਤਥਾ: ਪਵਨੈ ਮਹਿ ਪਵਨੁ ਸਮਾਇਆ॥ ਜੋਤੀ ਮਹਿ ਜੋਤਿ ਰਲਿ ਜਾਇਆ॥

ਅਰਥ:- ਪਵਨੈ-ਹਵਾ ਦਾ ਤੱਤ ਹਵਾ ਵਿਚ ਸਮਾ ਗਿਆ।
ਜੋਤੀ=ਅੱਗ ਦਾ ਤੱਤ ਅੱਗ ਵਿਚ ਸਮਾ ਗਿਆ।
ਮਾਟੀ=ਮਿੱਟੀ ਮਿੱਟੀ ਵਿਚ ਮਿਲ ਕੇ, ਇਕ ਮਿਕ ਹੋ ਗਈ। ਰੋਣ ਵਾਲਾ ਕਿਸ ਦੀ ਓਟ, ਆਸਰਾ ਲੈ ਕੇ ਰੋਂਦਾ ਹੈ। ਜੇ ਕੋਈ ਮਰਿਆ ਹੋਵੇ ਤਾ ਰੋਣ ਵਾਲੇ ਦਾ ਰੋਣਾ ਠੀਕ ਹੈ।
ਕਹੁ ਨਾਨਕ ਗੁਰਿ ਭਰਮੁ ਚੁਕਾਇਆ॥ ਨ ਕੋਈ ਮਰੈ ਨ ਆਵੈ ਜਾਇਆ॥

(ਮਹਲਾ ॥੫॥ ਪੰਨਾ ੮੮੫)

ਤਥਾ: ਮੂਏ ਕਉ ਰੋਵਹਿ ਕਿਸਹਿ ਸੁਣਾਵਹਿ ਭੈ ਸਾਗਰ ਅਸਰਾਲਿ ਪਇਆ॥

(ਮਹਲਾ ੧॥ ਪੰਨਾ ੯੦੬)

ਅਰਥ:- ਮਰਨ ਵਾਲੇ ਨੂੰ ਜੋ ਰੋਂਦੇ ਹਨ, ਉਹ ਨਹੀਂ ਸੁਣਦਾ। ਮਰਨ ਵਾਲੇ ਦਾ ਕਿਸੇ ਨੂੰ ਪਤਾ ਹੀ ਨਹੀਂ, ਆਪਣੇ ਕਰਮਾਂ ਧਰਮਾਂ ਕਰਕੇ, ਕਿਸ ਜੂਨੀ ਵਿਚ ਜਾਵੇਗਾ, ਜਾਂ ਨਰਕਾਂ ਵਿਚ ਜਾਂ ਸਵਰਗ ਲੋਗ, ਉਹ ਤਾਂ ਭੈਦਾਇਕ ਸਮੁੰਦਰ ਵਿਚ ਬਹਿ ਗਿਆ ਹੈ।

ਤਥਾ: ਮਾਇਆ ਕਾਰਨ ਬਿਦਿਆ ਬੇਚਹੁ ਜਨਮੁ ਅਬਿਰਥਾ ਜਾਈ॥੩॥
ਨਾਰਦ ਬਚਨ ਬਿਆਸੁ ਕਹਤ ਹੈ ਸੁਕ ਕਉ ਪੂਛਹੁ ਜਾਈ॥

(ਮਾਰੂ ਕਬੀਰ ਜੀ ਪੰਨਾ ੧੧੦੩)

ਅਰਥ:- ਕਬੀਰ ਜੀ ਇੱਕ ਵਿਦਵਾਨ ਪੰਡਿਤ ਨੂੰ ਸਮਝਾਉਂਦੇ ਹਨ। ਤੁਸੀਂ ਮਾਇਆ ਦੀ ਖਾਤਰ ਵਿਦਿਆ ਵੇਚਦੇ ਹੋ, ਇਸ ਕਰਕੇ ਤੁਹਾਡਾ ਜਨਮ ਬਿਰਥਾ ਚਲਾ ਜਾਇਗਾ। ਜੇ ਮੇਰੀ ਕਹੀ ਗੱਲ ਤੇ ਅਤਵਾਰ ਨਹੀਂ; ਤਾਂ ਨਾਰਦ ਮੁੱਨੀਂ ਬ੍ਰਹਮੇ ਦੇ ਪੁਤ੍ਰ ਬਹੁਤ ਵੱਡੇ ਵਿਦਵਾਨ ਹਨ, ਬੇਦ ਬਿਆਸ ਜੀ ਨੇ ਬਹੁਤ ਸਾਰੇ ਪੁਰਾਣ ਲਿਖੇ ਹਨ। ਅਤੇ ਸੁਕਦੇਵ ਮੁਨੀਂ=ਬ੍ਰਹਮ ਗਿਆਨੀਂ ਰਾਜੇ ਜਨਕ ਦੇ ਚੇਲੇ ਹਨ, ਬਿਆਸ ਦੇ ਪੁਤ੍ਰ ਹਨ, ਉਹਨਾਂ ਨੂੰ ਪੁੱਛਕੇ ਦੇਖ ਲੈ। ਉਹ ਵੀ ਏਹੀ ਕਹਿੰਦੇ ਹਨ ਕੇ ਆਪਣੀ ਵਿਦਿਆ ਨਾਂ ਬੇਚਹੁ। ਸ੍ਰੀ ਗੁਰੂ ਅਰਮ ਦਾਸ ਜੀ ਵਿਦਿਆ ਬੇਚਣ ਵਾਲੇ ਪੰਡਤ ਨੂੰ ਸਮਝਾਂਦੇ ਹਨ॥

ਤਥਾ: ਪੰਡਿਤੁ ਪੜਿ ਪੜਿ ਊਚਾ ਕੂਕਦਾ ਮਾਇਆ ਮੋਹਿ ਪਿਆਰੁ॥
ਅੰਤਰਿ ਬ੍ਰਹਮੁ ਨ ਚੀਨਈ ਮਨਿ ਮੂਰਖ ਗਾਵਾਰੁ॥

ਅਰਥ:- ਪੰਡਿਤ ਵੇਦਾਂ ਸ਼ਾਸਤ੍ਰਾਂ ਨੂੰ ਪੜ੍ਹ ਪੜ੍ਹ ਕੇ ਉਚਾ ਬੋਲਕੇ ਕਥਾ ਵਾਰਤਾ ਸੁਣਾਦਾ ਹੈ, ਕਿ ਸਰੋਤਾ ਜਨਾ ਨੂੰ ਖੁੱਸ਼ ਕਰਕੇ ਇਹਨਾ ਦੀਆਂ ਜੇਬਾਂ=ਚੋਂ ਪੈਸੇ ਕਢਾਮਾਂ, ਪੰਡਿਤ ਦਾ ਪਿਆਰ ਮਾਇਆ ਵਿਚ ਹੈ। ਨਾ ਕੇ ਪ੍ਰਮਾਤਮਾ ਵਿੱਚ, ਪੰਡਿਤ ਦਾ ਪਿਆਰ ਮਾਇਆ ਵਿਚ ਹੈ ਨਾਂ ਕੇ ਪ੍ਰਮਾਤਮਾਂ ਦੇ ਰੰਗਾਂ ਵਿਚ ਗਾਉਂਦਾ ਹੈ, ਕਿ ਜਨਮ ਸਫਲਾ ਹੋਵੇ। ਗੁਰੂ ਜੀ ਕਹਿੰਦੇ ਹਨ ਉਹ ਆਪਣੇ ਹਿਰਦੇ ਅੰਦਰ ਬ੍ਰਹਮ ਨੂੰ ਨਹੀਂ ਜਾਣਦਾ। ਇਹ ਪੰਡਿਤ ਮਨ ਕਰਕੇ ਮੂਰਖ ਅਤੇ ਗਵਾਰ ਹੈ।

ਤਥਾ: ਦੂਜੈ ਭਾਇ ਜਗਤੁ ਪਰਬੋਧਦਾ ਨਾ ਬੂਝੈ ਬੀਚਾਰੁ॥
ਬਿਰਥਾ ਜਨਮੁ ਗਵਾਇਆ ਮਰਿ ਜੰਮੈ ਵਾਰੋ ਵਾਰ॥੧॥

(ਮ: ੩॥ ਪੰਨਾ ੮੬)

ਅਰਥ:- ਦੂਜੈ ਭਾਇ=ਤੋਂ ਭਾਵ ਹੈ, ਪ੍ਰਮਾਤਮਾਂ ਵਲੋਂ ਹੱਟ ਕੇ ਮਾਇਆ ਕਮਾਉਣ ਵਿਚ ਹੀ ਜ਼ਿੰਦਗੀ ਗਵਾ ਜਾਂਦੇ ਹਨ ਬਹੁਤੇ ਵਿਦਵਾਨ, ਪ੍ਰਮਾਤਮਾਂ ਦੀ ਸ਼ਰਧਾ ਸਹਿਤ ਭਗਤੀ ਤੋਂ ਖਾਲੀ ਰਹਿਕੇ ਵਾਰੋ ਵਾਰ=ਜੰਮਦੇ ਮਰਦੇ ਰਹਿੰਦੇ ਹਨ, ਮੁੱਕਤੀ ਨਹੀਂ ਮਿਲਦੀ।
ਨੋਟ:- ਜਿਹੜੇ ਵਿਦਵਾਨ ਗੁਰੂ ਗ੍ਰੰਥ ਸਾਹਿਬ ਦੇ ਪ੍ਰਬਚਨਾਂ ਤੇ ਪਹਿਰਾ ਦੇਣਗੇ। ਉਹ ਆਪ ਮੁਕਤ ਹੋ ਜਾਣਗੇ, ਆਪਣੇ ਪ੍ਰਵਾਰ ਨੂੰ ਅਤੇ ਸਰੋਤਿਆਂ ਨੂੰ ਵੀ ਤਾਰ ਕਿ ਲੈ ਜਾਣਗੇ। ਸਾਇਦ ਕੋਈ ਵਿਰਲਾ ਮਹਾਂ ਪੁਰਸ਼ ਐਸਾ ਹੋਵੇ, ਵਿਦਵਾਨ ਨੂੰ ਪੰਡਿਤ ਕਿਹਾ ਹੈ, ਜਾਤ ਨੂੰ ਨਹੀਂ।

ਤਥਾ: ਹੁਣ ਪੰਡਿਤ ਕਿਸਨੂੰ ਕਹਿੰਦੇ ਹਨ ਗੁਰੂ ਸਾਹਿਬ।

ਬਿਨੁ ਬਿਦਿਆ ਕਹਾ ਕੋਈ ਪੰਡਿਤ॥ ਬਿਨ ਅਮਰੈ ਕੈਸੇ ਰਾਜ ਮੰਡਿਤ॥

(ਮਹਲਾ ੫॥ ਪੰਨਾ ੧੧੪੦)

ਅਰਥ:- ਵਿਦਿਆ ਪੜ੍ਹੇ ਤੋਂ ਬਿਨਾਂ ਕਿਵੇਂ ਪੰਡਿਤ ਕਹਾ ਸਕਦਾ ਹੈ। ਬਿਨ ਅਮਰੈ=ਜੇ ਹੁਕਮ ਨਹੀਂ ਚਲਦਾ ਤਾਂ ਰਾਜਾ ਸੋਭਾ ਦਾ ਅਧਘਾਰੀ ਨਹੀਂ ਹੋ ਸਕਦਾ। ਸਾਡੇ ਰਾਗੀ, ਢਾਡੀ, ਗ੍ਰੰਥੀ ਮਹਾਂ ਵਿਦਵਾਨ ਪੰਡਿਤ ਹਨ।

ਤਥਾ: ਪੰਡਿਤ ਪਾਧੇ ਜੋਇਸੀ ਨਿਤ ਪੜ੍ਹਹਿ ਪੁਰ-ਾਣਾ॥
ਅੰਤਰਿ ਵਸਤੁ ਨ ਜਾਣਨ੍ਹੀ ਘਟਿ ਬ੍ਰਹਮੁ ਲੁਕਾਣਾ॥

(ਮਹਲਾ ੧॥ ਪੰਨਾ ੪੧੯)

ਅਰਥ:- ਪੰਡਿਤ ਨਿਤ ਪੁਰਾਣਾਂ ਦੀ ਕਥਾ ਸੁਣਾਦੇ ਹਨ, ਪਾਂਧੇ ਮੁੰਡਿਆਂ ਨੂੰ ਪੜ੍ਹਾਂਦੇ ਹਨ, ਜੋਤਸ਼ੀ ਜੋਤਸ ਦੇ ਗ੍ਰੰਥਾਂ ਨੂੰ ਪੜ੍ਹਕੇ ਮਾਇਆ ਕਮਾਉਂਦੇ ਹਨ। ਇਹਨਾਂ ਉਤੇ ਲਿਖੇ ਤਿੰਨਾਂ ਵਿਦਵਾਨਾਂ ਦਾ ਢੰਗ ਤਰੀਕਾ ਮਾਇਆ ਕਮਾਉਣ ਦਾ ਹੈ। ਅੰਤਰਿ ਵਸਤ ਨਾ ਜਾਣਨੀ, ਹੇ ਪੰਡਿਤ ਜੇਹੜੀ ਵਸਤੂ ਤੇਰੇ ਸਰੀਰ ਦੇ ਅੰਦਰ ਬ੍ਰਹਮ ਲੁਕਿਆ ਹੈ, ਉਸਨੂੰ ਤਾਂ ਤੂੰ ਜਾਣਦਾ ਹੀ ਨਹੀਂ।

ਤਥਾ: ਪੰਡਿਤ ਇਸੁ ਮਨਾ ਕਾ ਕਰਹੁ ਬੀਚਾਰੁ॥
ਅਵਰੁ ਕਿ ਬਹੁਤਾ ਪੜਹਿ ਉਠਾਵਹਿ ਭਾਰੁ॥

(ਮ: ੩॥ ਪੰਨਾ ੧੨੬੧)

ਅਰਥ:- ਹੇ ਪੰਡਿਤ=ਤੂੰ ਆਪਣੇ ਮਨ ਨੂੰ ਵਸੀ ਕਾਰ ਕਰਨ ਦਾ ਵੀਚਾਰ ਕਰ। ਹੋਰ ਬਹੁਤੇ ਗ੍ਰੰਥਾਂ ਨੂੰ ਪੜ੍ਹਕੇ ਆਪਣੇ ਸਿਰ ਤੇ ਪਾਪਾਂ ਦਾ ਭਾਰ ਉਠਾਂਦਾ ਹੈਂ ਪੰਡਿਤ ਪਰਮੇਸ਼ਰ ਦੀ ਪ੍ਰਾਪਤੀ ਲਈ, ਇਕਮਨ ਹੋਕੇ ਅਭਿਆਸ ਨਹੀਂ ਕੀਤਾ।

(ਹੁਣ ਗੁਰੂ ਜੀ ਅਸਲੀ ਪੰਡਿਤ ਦਸਦੇ ਹਨ)

ਤਥਾ: ਸੋ ਪੰਡਿਤੁ ਜੋ ਤਿਹਾਂ ਗੁਣਾ ਕੀ ਪੰਡ ਉਤਾਰੈ॥ ਅਨ ਦਿਨੁ ਏਕੋ ਨਾਮੁ ਵਖਾਣੈ॥

ਸਤਿਗੁਰ ਕੀ ਓਹੁ ਦੀਖਿਆ ਲੇਇ॥ ਸਤਿਗੁਰ ਆਗੈ ਸੀਸੁ ਧਰੇਇ॥
ਅਰਥ:- ਅਸਲੀ ਪੰਡਿਤ ਉਹੀ ਹੈ, ਜਿਹੜਾ ਤਿਹਾਂ ਗੁਣਾਂ=ਤਿਨ ਗੁਣ ਮਾਇਆ ਦੇ ਹਨ, ਤਿਨ ਗੁਣ ਇਹ ਹਨ=ਰਜੋ, ਤਮੋ, ਸਤੋਂ। ਮਾਇਆ ਦੇ ਤਿੰਨ ਗੁਣਾ ਦੀ ਪੰਡ ਨੂੰ ਉਤਾਰ ਕੇ ਰੱਖ ਦੇਵੇ। ਭਾਵ ਹੈ ਕੇ ਮਾਇਆ ਤਿਆਗ ਦੇਵੋ, ਦਿਨ ਰਾਤ ਇਕ ਨਾਮੁ ਨੂੰ ਜਪਣਾ ਕਰੇ। ਆਪਣੇ ਗੁਰੂ ਅੱਗੇ ਸੀਸ ਅਰਪਨ ਕਰਕੇ ਸੇਵਾ ਕਰੇ। ਜਿਹੜੇ ਆਪਣੇ ਗੁਰਾਂ ਅੱਗੇ ਝੂਠ ਬੋਲਣਗੇ, ਮਾਇਆ ਲੁਕਾਉਣਗੇ ਗੁਰੂ ਦੀ, ਉਨ੍ਹਾਂ ਨੂੰ ਗੁਰੂ ਸਾਹਿਬ ਬੇਦਖਲ ਕਰ ਦਿੰਦੇ ਹਨ। ਜਨਮਦੇ ਮਰਦੇ ਰਹਿੰਦੇ ਹਨ।

ਤਥਾ: ਸਦਾ ਅਲਗੁ ਰਹੈ ਨਿਰਬਾਣੁ॥ ਸੋ ਪੰਡਿਤੁ ਦਰਗਹ ਪਰਵਾਣੁ॥੩॥

(ਮ:੩॥ ਪੰਨਾ ੧੨੬੧)

ਅਰਥ:- ਸਦਾ ਹੀ ਸੰਸਾਰ ਦੇ ਮੋਹ ਜਾਲ ਤੋਂ ਦੂਰ ਰਹੇ, ਉਹ ਪੰਡਿਤ ਵਿਦਵਾਨ ਪ੍ਰਮੇਸ਼ਵਰ ਦੀ ਦਰਗਾਹ ਵਿਚ ਪ੍ਰਵਾਨ ਹੁੰਦਾ ਹੈ।

ਦਾਸ ਹੋਈਆਂ ਭੁੱਲਾਂ ਦੀ ਮਾਫੀ ਚਾਹੁੰਦਾ ਹੈ ਜੀ। ਤੁਹਾਡੀਆਂ ਕਾਲਾਂ ਆਉਣ ਤੇ ਧੰਨਵਾਦ।
ਕਰਨੈਲ ਸਿੰਘ ਟੋਰੰਟੋ: 416-746-7642

# ਨੌਕਰੀਆਂ, ਝੂਠ ਅਤੇ ਅੰਕੜਿਆਂ ਵਿਚਾਲੇ ਚੱਲਦੀ ਬਹਿਸ

-ਦਿਲੀਪ ਚੇਰੀਅਨ

ਕੌਮੀ ਅੰਕੜਾ ਕਮਿਸ਼ਨ ਦੇ ਦੋ ਗੈਰ ਸਰਕਾਰੀ ਮੈਂਬਰਾਂ, ਜਿਸ ਵਿੱਚ ਇਸ ਦੇ ਕਾਰਜਕਾਰੀ ਮੁਖੀ ਵੀ ਸ਼ਾਮਲ ਹਨ, ਨੌਕਰੀਆਂ ਦੇ ਅੰਕੜਿਆਂ ਦੇ ਜਾਰੀ ਹੋਣ ਤੋਂ ਬਾਅਦ ਮੋਦੀ ਸਰਕਾਰ ਦੇ ਨਾਲ 'ਅਸਹਿਮਤੀ' ਹੋਣ ਕਰ ਕੇ ਇਸ ਨੂੰ ਛੱਡ ਚੁੱਕੇ ਹਨ। ਇਸ ਬਾਰੇ ਉਭਰਦੀਆਂ ਚਿੰਤਾਵਾਂ ਚੋਣਾਂ ਦੇ ਮੌਸਮ ਵਿੱਚ ਦਫਨ ਕੀਤੀਆਂ ਜਾ ਰਹੀਆਂ ਹਨ। ਪੀ ਸੀ ਮੋਹਨਨ, ਖੁਦਮੁਖਤਿਆਰ ਬਾਡੀ ਦੇ ਕਾਰਜਕਾਰੀ ਪ੍ਰਧਾਨ ਅਤੇ ਭਾਰਤੀ ਅੰਕੜਾ ਸੇਵਾ ਦੇ ਸਾਬਕਾ ਮੈਂਬਰ ਅਤੇ ਜੇ ਵੀ ਮੀਨਾਕਸ਼ੀ, ਦਿੱਲੀ ਸਕੂਲ ਆਫ ਇਕੋਨਾਮਿਕਸ 'ਚ ਪ੍ਰੋਫੈਸਰ ਹਨ, ਦੇ ਅਸਤੀਫੇ ਪਿੱਛੋਂ ਕਮਿਸ਼ਨ ਵਿੱਚ ਕੋਈ ਬਾਹਰੀ ਮੈਂਬਰ ਨਹੀਂ ਹੈ। ਇਸ ਦਾ ਪੈਨਲ ਸਿਰਫ ਦੋ ਹੋਰ ਮੈਂਬਰਾਂ-ਮੁੱਖ ਅੰਕੜਾ ਮਾਹਿਰ ਪ੍ਰਵੀਨ ਸ੍ਰੀਵਾਸਤਵ ਤੇ ਨੀਤੀ ਆਯੋਗ ਦੇ ਅਮਿਤਾਭ ਕਾਂਤ ਨਾਲ ਬਚਿਆ ਹੋਇਆ ਹੈ। ਜ਼ਾਹਿਰਾ ਤੌਰ ਉਤੇ ਮੋਹਨਨ ਅਤੇ ਮੀਨਾਕਸ਼ੀ ਦੋਵੇਂ ਪਿਛਲੇ ਸਾਲ ਦੇ ਰੋਜ਼ਗਾਰ ਸਰਵੇਖਣ ਦੇ ਪ੍ਰਕਾਸ਼ਨ ਤੇ ਕੁੱਲ ਘਰੇਲੂ ਉਤਪਾਦ (ਜੀ ਡੀ ਪੀ) ਨਾਲ ਸੰਬੰਧਤ ਅੰਕੜਿਆਂ ਬਾਰੇ ਪਿਛਲੀ ਯੂ ਪੀ ਏ ਸਰਕਾਰ ਤੋਂ ਨਾਖੁਸ਼ ਸਨ। ਅੰਕੜਿਆਂ ਵਿੱਚ ਇਹ ਦਿਖਾਇਆ ਗਿਆ ਹੈ ਕਿ ਅਰਥ ਵਿਵਸਥਾ ਐੱਨ ਡੀ ਏ ਦੇ ਰਾਜ ਵਿੱਚ ਕਾਫੀ ਬਿਹਤਰ ਹੈ, ਜਦ ਕਿ ਯੂ ਪੀ ਏ ਸਰਕਾਰ ਵੇਲੇ ਹਾਲਾਤ ਖਰਾਬ ਸਨ। ਇਨ੍ਹਾਂ ਦੇ ਅਸਤੀਫੇ ਨਿਸ਼ਚਿਤ ਤੌਰ 'ਤੇ ਵਿਰੋਧੀ ਪਾਰਟੀਆਂ ਨੂੰ ਮਦਦ ਕਰਨਗੇ, ਜੋ ਦੋਸ਼ ਲਾਉਂਦੀਆਂ ਹਨ ਕਿ ਸਰਕਾਰ ਨੇ ਰੋਜ਼ਗਾਰ ਅਤੇ ਜੀ ਡੀ ਪੀ ਦੇ ਅੰਕੜਿਆਂ ਨੂੰ ਧੋਖਾ ਦਿੱਤਾ ਕਿਉਂਕਿ ਇਹ ਉਨ੍ਹਾਂ ਦੇ ਸਿਆਸੀ ਏਜੰਡੇ ਦੇ ਮੁਤਾਬਕ ਨਹੀਂ ਸੀ। ਅੰਕੜਾ ਤੇ ਪ੍ਰੋਗਰਾਮ ਲਾਗੂ ਕਰਨ ਵਾਲੇ ਮੰਤਰਾਲੇ ਦੇ ਅਧੀਨ ਆਉਣ ਵਾਲੇ ਆਯੋਗ 'ਚ ਸੱਤ ਮੈਂਬਰਾਂ ਦਾ ਹੋਣਾ ਜ਼ਰੂਰੀ ਹੈ। ਅਸਤੀਫੇ ਤੋਂ ਪਹਿਲਾਂ ਹੀ ਤਿੰਨ ਅਹੁਦੇ ਖਾਲੀ ਸਨ।
ਸੀ ਬੀ ਆਈ ਅੱਜ ਕੱਲ੍ਹ ਯੂ ਪੀ ਏ ਸਰਕਾਰ ਵਾਲੇ ਦੌਰ ਦੇ ਇੱਕ ਹੋਰ ਘਪਲੇ ਦੀ ਜਾਂਚ ਕਰ ਰਹੀ ਹੈ। ਦੇਸ਼ ਦੀ ਸਰਬ ਉਚ ਜਾਂਚ ਏਜੰਸੀ ਨੇ 2010 ਵਿੱਚ ਵੱਖ-ਵੱਖ ਤਰੱਕੀਆਂ ਅਤੇ ਨਿਯੁਕਤੀਆਂ ਕਰਦੇ ਹੋਏ ਉਲੰਘਣਾ ਕਰਨ ਲਈ ਏਅਰ ਇੰਡੀਆ ਦੇ ਸਾਬਕਾ ਪ੍ਰਧਾਨ ਅਤੇ ਮੈਨੇਜਿੰਗ ਡਾਇਰੈਕਟਰ ਅਰਵਿੰਦ ਜਾਧਵ ਅਤੇ ਏਅਰ ਇੰਡੀਆ ਦੇ ਚਾਰ ਹੋਰ ਸਾਬਕਾ ਅਧਿਕਾਰੀਆਂ ਨੂੰ ਦੋਸ਼ੀ ਬਣਾਇਆ ਹੈ। ਅਰਵਿੰਦ ਜਾਧਵ ਦੇ ਨਾਲ ਸੀ ਬੀ ਆਈ ਨੇ ਐਲ ਪੀ ਨਖਵਾ (ਅੱਜ ਕੱਲ੍ਹ ਸੇਵਾ ਮੁਕਤ), ਓਦੋਂ ਦੇ ਜਨਰਲ ਮੈਨੇਜਰ (ਮੈਡੀਕਲ ਸੇਵਾਵਾਂ) ਤੇ ਓਦੋਂ ਐਡੀਸ਼ਨਲ ਜਨਰਲ ਮੈਨੇਜਰ ਏ ਕਠਪਾਲੀਆ, ਅਮਿਤਾਭ ਸਿੰਘ ਅਤੇ ਰੋਹਿਤ ਭਸੀਨ ਨੂੰ ਮੁਲਜ਼ਮ ਬਣਾਇਆ ਹੈ। ਉਨ੍ਹਾਂ 'ਤੇ ਅਪਰਾਧਕ ਸਾਜ਼ਿਸ਼ ਨਾਲ ਸੰਬੰਧਤ ਆਈ ਪੀ ਸੀ ਦੀਆਂ ਧਾਰਾਵਾਂ ਤੇ 2009-10 'ਚ ਜਨਰਲ ਮੈਨੇਜਰ ਰੈਂਕ ਦੇ ਅਧਿਕਾਰੀਆਂ ਦੀ ਨਿਯੁਕਤੀ ਵਿੱਚ ਮਾਪਦੰਡਾਂ ਦੀ ਉਲੰਘਣਾ ਕਰਨ ਲਈ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੇ ਤਹਿਤ ਦੋਸ਼ ਲਾਇਆ ਗਿਆ ਹੈ।
ਕੇਸ ਦੀ ਰਿਪੋਰਟ ਅਨੁਸਾਰ ਜਨਰਲ ਮੈਨੇਜਰ ਦੇ ਅਹੁਦੇ 'ਤੇ ਤਰੱਕੀ ਲਈ ਢੁਕਵੇਂ ਉਮੀਦਵਾਰਾਂ ਦੀ ਸਿਫਾਰਸ਼ ਕਰਨ ਲਈ ਜਾਧਵ ਨੇ ਇੱਕ ਨਾਜਾਇਜ਼ ਤਿੰਨ ਮੈਂਬਰੀ ਚੋਣ ਪੈਨਲ ਦਾ ਬਣਾਇਆ। ਉਨ੍ਹਾਂ ਨੇ ਅਪਰਾਧਕ ਮਾਮਲਿਆਂ ਅਤੇ ਚੌਕਸੀ ਸ਼ਿਕਾਇਤਾਂ ਦਾ ਸਾਹਮਣਾ ਕਰਨ ਵਾਲੇ ਅਧਿਕਾਰੀਆਂ ਨੂੰ ਤਰੱਕੀ ਦਿੱਤੀ। ਪੈਨਲ ਨੇ ਕਠਪਾਲੀਆ, ਅਮਿਤਾਭ ਸਿੰਘ ਤੇ ਭਸੀਨ ਸਮੇਤ ਪੰਜ ਲੋਕਾਂ ਦੀ ਸਿਫਾਰਸ਼ ਕੀਤੀ ਸੀ। ਬੇਸ਼ੱਕ ਕਠਪਾਲੀਆ ਇੱਕ ਪੈਂਡਿੰਗ ਅਪਰਾਧਕ ਕੇਸ ਦਾ ਸਾਹਮਣਾ ਕਰ ਰਹੇ ਸਨ, ਪਰ ਉਨ੍ਹਾਂ ਨੂੰ ਚੌਕਸੀ ਦੀ ਮਨਜ਼ੂਰੀ ਦਿੱਤੀ ਗਈ ਸੀ। ਹੋਰਨਾਂ ਦੋ ਨੂੰ ਵੀ ਉਨ੍ਹਾਂ ਵਿਰੁੱਧ ਸ਼ਿਕਾਇਤਾਂ ਦੇ ਬਾਵਜੂਦ ਚੁਣਿਆ ਗਿਆ ਸੀ। ਸੀ ਬੀ ਆਈ ਦਾ ਦਾਅਵਾ ਹੈ ਕਿ ਨਿਯੁਕਤੀਆਂ 'ਚ ਮਿੱਥੀ ਪ੍ਰਕਿਰਿਆ ਦੀ ਪਾਲਣਾ ਨਹੀਂ ਕੀਤੀ ਗਈ ਸੀ। ਸੀ ਬੀ ਆਈ ਦੇ ਇਸ ਕਦਮ ਨਾਲ ਨਕਦੀ ਦੀ ਕਮੀ ਦਾ ਸਾਹਮਣਾ ਕਰ ਰਹੀ ਏਅਰਲਾਈਨ ਨੂੰ ਇੱਕ ਹੋਰ ਝਟਕਾ ਲੱਗਾ ਹੈ, ਜੋ ਜ਼ਰੂਰੀ ਓਵਰਹਾਲ ਲਈ ਰੋ ਰਹੀ ਹੈ ਕਿਉਂਕਿ ਸਰਕਾਰ ਲਗਾਤਾਰ ਵਿਨਿਵੇਸ਼ 'ਤੇ ਜ਼ੋਰ ਦੇ ਰਹੀ ਹੈ। ਸਪੱਸ਼ਟ ਤੌਰ 'ਤੇ ਇਹ ਸਿਰਫ ਵਿੱਤੀ ਸੰਕਟਾਂ ਬਾਰੇ ਨਹੀਂ ਹੈ, ਸਗੋਂ ਪ੍ਰਬੰਧਕੀ ਮੁੱਦਿਆਂ ਨੂੰ ਲੈ ਕੇ ਵੀ ਚਿੰਤਾਵਾਂ ਹਨ, ਜਿਨ੍ਹਾਂ ਨੇ ਇਸ ਰਾਸ਼ਟਰੀ ਏਅਰਲਾਈਨ ਦੀ ਹਾਲਤ ਨੂੰ ਖਸਤਾ ਕੀਤਾ ਹੋਇਆ ਹੈ।

# ਇਹ ਚੰਡੀਗੜ੍ਹ ਨਹੀਂ, ਜਲੰਧਰ ਐ ਬਾਬੂ ਜੀ!

-ਗੁਰਦੇਵ ਸਿੰਘ ਜੌਹਲ

ਅੱਜ ਕੱਲ੍ਹ ਜੇ ਕਿਸੇ ਨੂੰ ਭਲੇ ਦੀ ਗੱਲ ਕਹੀਏ ਤਾਂ ਅਗਲਾ ਅੱਗਾ ਪਿੱਛਾ ਵੀ ਨਹੀਂ ਦੇਖਦਾ ਤੇ ਫੱਟ ਮੂੰਹ 'ਤੇ ਕੁਸੈਲਾ ਜਿਹਾ ਜਵਾਬ ਦੇ ਦਿੰਦਾ ਹੈ। ਤੁਹਾਡੀ ਉਮਰ ਦਾ ਵੀ ਕੋਈ ਲਿਹਾਜ਼ ਨਹੀਂ ਕਰਦਾ, ਸਗੋਂ ਕਹਿਣ ਵਾਲਾ ਪਛਤਾਉਂਦਾ ਹੈ ਕਿ ਮੈਂ ਕਿਉਂ ਉਸ ਨੂੰ ਇਹ ਗੱਲ ਕਹਿ ਬੈਠਾ। ਰੋਜ਼ ਵੇਖਦਾ ਹਾਂ ਕਿ ਇਕ ਘਰ ਵਿੱਚੋਂ ਇਕ ਮੋਰੀ ਰਾਹੀਂ ਪਾਣੀ ਬਾਹਰ ਆਉਂਦਾ ਹੈ। ਬਾਹਰ ਸੜਕ 'ਤੇ ਇਹ ਪਾਣੀ ਚਿਕੜ ਕਰਦਾ ਹੈ। ਖੜੇ ਪਾਣੀ 'ਤੇ ਮੱਛਰ ਪੈਦਾ ਹੁੰਦਾ ਹੈ। ਪਤਾ ਨਹੀਂ ਘਰ ਵਾਲਿਆਂ ਨੇ ਇਹ ਪਾਣੀ ਸੀਵਰ ਵਿੱਚ ਕਿਉਂ ਨਹੀਂ ਪਾਇਆ। ਕਮੇਟੀ ਦੀ ਨਿਗ੍ਹਾ ਵੀ ਨਹੀਂ ਚੜ੍ਹਦਾ ਇਹ ਪਾਣੀ। ਇਕ ਦਿਨ ਆਪਣੇ ਘਰ ਦੇ ਬਾਹਰ ਇਕ ਔਰਤ ਰੇੜ੍ਹੀ ਤੋਂ ਸਬਜ਼ੀ ਲੈ ਰਹੀ ਸੀ। ਕੋਲੋਂ ਲੰਘਦਿਆਂ ਮੈਥੋਂ ਰਿਹਾ ਨਾ ਗਿਆ। ਮੈਂ ਉਸ ਨੂੰ ਕਿਹਾ, 'ਮੈਡਮ! ਇਹ ਜੋ ਪਾਣੀ ਘਰ ਤੋਂ ਬਾਹਰ ਆ ਰਿਹਾ ਹੈ, ਤੁਸੀਂ ਇਸ ਨੂੰ ਸੀਵਰ ਵਿੱਚ ਕਿਉਂ ਨਹੀਂ ਪੁਆ ਦਿੰਦੇ।' ਉਸ ਦਾ ਜਵਾਬ ਮਿਲਿਆ, 'ਤੁਹਾਨੂੰ ਕੀ ਪ੍ਰੋਬਲਮ ਹੈ?' ਮੈਂ ਚੁੱਪ ਰਹਿਣਾ ਹੀ ਠੀਕ ਸਮਝ ਕੇ ਅਗਾਂਹ ਤੁਰ ਪਿਆ।
ਮੇਰੇ ਘਰ ਦੇ ਨਾਲ ਦੇ ਮਕਾਨ ਵਿੱਚ ਇਕ ਦਰਜੀ ਦੀ ਦੁਕਾਨ ਹੈ। ਉਸ ਤੋਂ ਅਗਲੇ ਘਰ ਵਿੱਚ ਔਰਤਾਂ ਦੀ ਕਿੱਟੀ ਪਾਰਟੀ ਸਬੰਧੀ ਇਕੱਤਰਤਾ ਹੋਈ ਹੀ ਰਹਿੰਦੀ ਹੈ। ਕਈ ਮੈਂਬਰ ਔਰਤਾਂ ਕਾਰਾਂ 'ਚ ਆਉਂਦੀਆਂ ਹਨ। ਸੜਕ ਦੇ ਦੋਵੇਂ ਪਾਸੇ ਕਾਰਾਂ/ ਸਕੂਟਰ ਖੜੇ ਕਰ ਦਿੰਦੀਆਂ ਹਨ। ਇਸ ਨਾਲ ਕੁਝ ਹੱਦ ਤੱਕ ਆਵਾਜਾਈ ਵੀ ਪ੍ਰਭਾਵਿਤ ਹੁੰਦੀ ਹੈ। ਇਕ ਬੀਬੀ ਦੁਕਾਨ ਦੇ ਬਿਲਕੁਲ ਅੱਗੇ ਕਾਰ ਖੜੀ ਕਰ ਜਾਂਦੀ ਹੈ। ਦਰਜੀ ਨੂੰ ਆਪਣੀ ਦੁਕਾਨਦਾਰੀ ਪ੍ਰਭਾਵਤ ਹੁੰਦੀ ਲੱਗਦੀ ਹੈ। ਉਹਦੇ ਗਾਹਕ ਆਪਣੇ ਵ੍ਹੀਕਲ ਕਿੱਥੇ ਖੜ੍ਹੇ ਕਰਨ? ਇਕ ਦਿਨ ਹੌਸਲਾ ਕਰਕੇ ਉਹ ਬੀਬੀ ਨੂੰ ਕਾਰ ਕਿਸੇ ਹੋਰ ਜਗ੍ਹਾ ਖੜੀ ਕਰਨ ਨੂੰ ਕਹਿੰਦਾ ਹੈ। ਜਵਾਬ ਮਿਲਦਾ ਹੈ, 'ਇਹ ਸੜਕ ਤੇਰੇ ਪਿਓ ਦੀ ਹੈ?' ਉਹ ਚੁੱਪ ਰਹਿਣਾ ਹੀ ਠੀਕ ਸਮਝਦਾ ਹੈ।
ਲੇਬਰ ਚੌਕ ਅੱਠ ਵੱਜਦਿਆਂ ਹੀ ਰਾਜ ਮਿਸਤਰੀ/ ਮਜ਼ਦੂਰ/ ਦਿਹਾੜੀਦਾਰ/ ਰੰਗ ਰੋਗਨ ਅਤੇ ਸਫੈਦੀ ਕਰਨ ਵਾਲੇ ਆ ਜਾਂਦੇ ਹਨ। ਜਦੋਂ ਕੋਈ ਕਾਰ /ਸਕੂਟਰ ਵਾਲਾ ਉਨ੍ਹਾਂ ਕੋਲ ਆ ਕੇ ਰੁਕਦਾ ਹੈ, ਸਾਰੇ ਜਣੇ ਉਸ ਦੇ ਦੁਆਲੇ ਝੁਰਮਟ ਪਾ ਦਿੰਦੇ ਹਨ। ਇਕ ਦੋ ਨੂੰ ਦਿਹਾੜੀ ਮਿਲ ਜਾਂਦੀ ਹੈ। ਬਾਕੀ ਆਪਣੀ ਥਾਂ ਬੈਠ ਕੇ ਉਡੀਕ ਕਰਦੇ ਹਨ। ਸਰਦੀਆਂ 'ਚ ਧੁੱਪ ਸੇਕਦੇ ਹਨ ਤੇ ਗਰਮੀਆਂ 'ਚ ਨੇੜਲੇ ਦਰੱਖਤ ਹੇਠਾਂ ਬੈਠਦੇ ਹਨ। ਕਈਆਂ ਨੂੰ ਦੁਪਹਿਰ ਤੱਕ ਵੀ ਦਿਹਾੜੀ ਨਹੀਂ ਮਿਲਦੀ। ਘਰੋਂ ਲਿਆਂਦੀ ਰੋਟੀ ਖਾ ਕੇ ਉਹ ਘਰ ਮੁੜ ਜਾਂਦੇ ਹਨ। ਇਕ ਦਿਨ ਇਸ ਚੌਕ ਕੋਲੋਂ ਦੀ ਲੰਘਦਿਆਂ ਮੈਂ ਦੇਖਿਆ ਕਿ ਕਈ ਬੰਦੇ ਜਰਦੇ/ ਤੰਬਾਕੂ ਦਾ ਸੇਵਨ ਕਰ ਰਹੇ ਸਨ। ਇਕ 15-16 ਸਾਲਾਂ ਦਾ ਲੜਕਾ ਉਨ੍ਹਾਂ ਦੀ ਦੇਖਾ ਦੇਖੀ ਜਰਦਾ/ ਮਸਾਲਾ ਤਿਆਰ ਕਰ ਰਿਹਾ ਸੀ। ਮੈਥੋਂ ਰਿਹਾ ਨਹੀਂ ਗਿਆ। ਉਸ ਲੜਕੇ ਨੂੰ ਰੋਕਦਿਆਂ ਕਿਹਾ, 'ਕਾਕਾ! ਇਹ ਜੋ ਤੂੰ ਖਾ ਰਿਹਾ ਏਂ, ਤੇਰੇ ਗਲੇ ਨੂੰ ਹੌਲੀ-ਹੌਲੀ ਨੁਕਸਾਨ ਪਹੁੰਚਾਏਗਾ। ਇਸ ਦੇ ਸੇਵਨ ਨਾਲ ਗਲੇ ਦਾ ਕੈਂਸਰ ਹੋ ਜਾਂਦੇ।' ਲੜਕਾ ਬੋਲਿਆ, 'ਆਪ ਭੀ ਤੋ ਸ਼ਰਾਬ ਪੀਤੇ ਹੋ। ਆਪ ਕਾ ਗਲਾ ਖਰਾਬ ਨਹੀਂ ਹੋਤਾ।' ਮੇਰਾ ਮਨ ਤਾਂ ਕਰਦਾ ਸੀ ਕਿ ਉਸ ਨੂੰ ਦੱਸਾਂ ਕਿ ਮੈਂ ਸ਼ਰਾਬ ਨਹੀਂ ਪੀਂਦਾ ਤੇ ਨਾ ਕੋਈ ਹੋਰ ਨਸ਼ਾ ਕਰਦਾ ਹਾਂ, ਪਰ ਮੈਂ ਚੁੱਪ ਕਰਕੇ ਤੁਰ ਜਾਣਾ ਹੀ ਠੀਕ ਸਮਝਿਆ।
ਇਕ ਵਾਰ ਦੇਖਿਆ ਕਿ ਮਾਰਕੀਟ ਦਾ ਸਫਾਈ ਸੇਵਕ ਕੂੜੇ ਦੀਆਂ ਢੇਰੀਆਂ ਲਾਈ ਜਾ ਰਿਹਾ ਸੀ। ਸਾਰੇ ਕੂੜੇ ਨੂੰ ਆਪਣੀ ਰੇੜ੍ਹੀ ਰਾਹੀਂ ਡੰਪ ਤੱਕ ਲਿਜਾਉਣ ਦੀ ਥਾਂ ਅੱਗ ਲਾ ਰਿਹਾ ਸੀ। ਸੁੱਕੇ ਪੱਤੇ/ ਲਿਫਾਫੇ ਇਕਦਮ ਅੱਗ ਫੜ ਰਹੇ ਸਨ। ਪੋਲੀਥੀਨ ਦੇ ਲਿਫਾਫੇ ਸੜ ਕੇ ਜ਼ਹਿਰੀਲੀ ਗੈਸ ਛੱਡ ਰਹੇ ਸਨ। ਮਾਰਕੀਟ 'ਚ ਧੂੰਆਂ ਪਸਰ ਗਿਆ। ਇਕ ਸ਼ਖਸ ਕੋਲੋਂ ਲੰਘ ਰਿਹਾ ਸੀ। ਉਸ ਨੇ ਸਲਾਹ ਦਿੱਤੀ, 'ਭਾਈ ਸਾਬ੍ਹ! ਕੂੜੇ ਨੂੰ ਅੱਗ ਲਾ ਕੇ ਪ੍ਰਦੂਸ਼ਣ ਨਾ ਫੈਲਾਓ। ਚੰਡੀਗੜ੍ਹ ਵਿਚ ਜਿਹੜਾ ਸਫਾਈ ਸੇਵਕ ਕੂੜੇ ਨੂੰ ਅੱਗ ਲਾਉਂਦਾ ਹੈ, ਕਾਰਪੋਰੇਸ਼ਨ ਉਸ ਨੂੰ ਜੁਰਮਾਨਾ ਕਰਦੀ ਹੈ।' ਉਸ ਨੂੰ ਜਵਾਬ ਮਿਲਦੈ, 'ਬਾਬੂ ਜੀ! ਇਹ ਜਲੰਧਰ ਹੈ, ਚੰਡੀਗੜ੍ਹ ਨਹੀਂ।' ਦੱਸੋ, ਉਹ ਬੰਦਾ ਕੀ ਬਹਿਸ ਕਰੇ।
ਇਕ ਆਦਮੀ ਪਿੰਡ ਦੇ ਅੱਡੇ ਨੇੜੇ ਕਰਿਆਨੇ ਦੀ ਦੁਕਾਨ ਕਰਦਾ ਹੈ। ਇਕ ਰਾਤ ਅੱਠ ਵਜੇ ਦੇ ਕਰੀਬ ਦੋ ਨੌਜਵਾਨ ਉਸ ਦੀ ਦੁਕਾਨ ਤੋਂ ਸਿਗਰਟ ਲੈਣ ਆਉਂਦੇ ਹਨ। ਸਿਗਰਟ ਲੈਣ ਤੋਂ ਬਾਅਦ ਉਹ ਦੁਕਾਨ ਨੇੜੇ ਹੀ ਪੀਣ ਲੱਗ ਜਾਂਦੇ ਹਨ। ਗੱਲ-ਗੱਲ 'ਤੇ ਗਾਲ੍ਹ ਕੱਢਦੇ ਹਨ। ਮਨ੍ਹਾ ਕਰਨ 'ਤੇ ਉਨ੍ਹਾਂ ਨੇ ਦੁਕਾਨਦਾਰ ਨਾਲ ਝਗੜਾ ਕੀਤਾ ਅਤੇ ਚਲੇ ਗਏ। ਕੁਝ ਚਿਰ ਬਾਅਦ ਉਹ ਆਪਣੇ ਹੋਰ ਸਾਥੀਆਂ ਸਮੇਤ ਆ ਕੇ ਦੁਕਾਨਦਾਰ 'ਤੇ ਤੇਜ਼ਧਾਰ ਹਥਿਆਰਾਂ ਨਾਲ ਜਾਨਲੇਵਾ ਹਮਲਾ ਕਰ ਦਿੰਦੇ ਹਨ। ਉਹ ਗੰਭੀਰ ਜ਼ਖਮੀ ਹੋ ਜਾਂਦਾ ਹੈ। ਇਲਾਜ ਲਈ ਉਸ ਨੂੰ ਸਿਵਲ ਹਸਪਤਾਲ ਦਾਖਲ ਕਰਾਇਆ ਜਾਂਦਾ ਹੈ। ਦੱਸੋ! ਦੁਕਾਨਦਾਰ ਦਾ ਕੀ ਕਸੂਰ ਸੀ?
ਇਸੇ ਤਰ੍ਹਾਂ ਲੋਹੜੀ ਮੌਕੇ ਕੁਝ ਲੋਕਾਂ ਨੇ ਗਲੀ 'ਚ ਧੂਣੀ ਬਾਲੀ ਹੋਈ ਸੀ। ਇਕ ਪਾਸੇ ਕਾਰ ਖੜੀ ਹੈ। ਇਕ ਮੋਟਰ ਸਾਈਕਲ ਸਵਾਰ ਨੌਜਵਾਨ ਲੰਘਣ ਲਈ ਰਾਹ ਮੰਗਦਾ ਹੈ। ਉਸ ਦੇ ਵਾਰ-ਵਾਰ ਕਹਿਣ 'ਤੇ ਕੋਈ ਰਾਹ ਨਹੀਂ ਦਿੱਤਾ ਜਾਂਦਾ। ਤੂੰ-ਤੂੰ, ਮੈਂ-ਮੈਂ ਹੋਣ 'ਤੇ ਨੌਜਵਾਨ ਨੂੰ ਕੁੱਟ-ਕੁੱਟ ਕੇ ਜਾਨੋਂ ਮਾਰ ਦਿੱਤਾ ਜਾਂਦਾ ਹੈ। ਮੇਰਾ ਇਕ ਜਾਣਕਾਰ ਸ਼ਰਾਬ ਦਾ ਬਹੁਤ ਸੇਵਨ ਕਰਦਾ ਹੈ। ਜਿਉਂ ਉਹ ਦੇਖਦਾ ਹੈ ਕਿ ਸੂਰਜ ਛਿਪ ਗਿਆ ਹੈ, ਉਹ ਸ਼ਰਾਬ ਪੀਣੀ ਸ਼ੁਰੂ ਕਰ ਦਿੰਦਾ ਹੈ। ਇਕ ਦਿਨ ਮੈਂ ਕਿਹਾ ਕਿ ਤੁਸੀਂ ਏਨੀ ਨਾ ਪੀਆ ਕਰੋ ਤਾਂ ਉਹ ਕਹਿੰਦਾ, 'ਤੇਰੇ ਘਰੋਂ ਪੀਨਾ?'
ਇਕ ਦੁਕਾਨਦਾਰ ਸਵੇਰੇ ਹੀ ਝਾੜੂ ਪੋਚਾ ਲਾ ਕੇ ਸਫਾਈ ਕਰਕੇ ਦੁਕਾਨ ਖੋਲ੍ਹ ਲੈਂਦਾ ਹੈ। ਨਾਲ ਹੀ ਕਾਰਾਂ ਦੀ ਵੇਚ/ ਖਰੀਦ ਵਾਲੇ ਹਨ। ਰੋਜ਼ ਕਾਰਾਂ ਧੋ ਕੇ ਚਮਕਾਈਆਂ ਜਾਂਦੀਆਂ ਹਨ। ਉਸ ਦੀ ਦੁਕਾਨ ਅੱਗੇ ਰੋਜ਼ ਪਾਣੀ ਦਾ ਛੱਪੜ ਲੱਗ ਜਾਂਦਾ ਹੈ। ਉਹ ਕਾਰਾਂ ਨੂੰ ਧੋ ਰਹੇ ਨੌਕਰਾਂ ਨੂੰ ਰੋਜ਼ ਕਹਿੰਦਾ ਹੈ ਕਿ ਭਾਈ ਬਾਲਟੀ ਦੇ ਪਾਣੀ ਨਾਲ ਕਾਰਾਂ ਸਾਫ ਕਰ ਲਿਆ ਕਰੋ। ਨੌਕਰ ਆਪਣੀ ਮਜਬੂਰੀ ਦੱਸਦੇ ਹਨ। ਕਹਿੰਦੇ, 'ਅਸੀਂ ਨੌਕਰ ਹਾਂ! ਮਾਲਕਾਂ ਨਾਲ ਗੱਲ ਕਰੋ।' ਉਹ ਮਾਲਕਾਂ ਨੂੰ ਬੇਨਤੀ ਕਰਦਾ ਹੈ। ਹੌਲੀ-ਹੌਲੀ ਬਹਿਸ ਗਰਮੀ ਫੜ ਜਾਂਦੀ ਹੈ। ਉਹ ਮੁਹੱਲੇ ਵਾਲਿਆਂ ਨੂੰ ਮਿਲ ਕੇ ਦੱਸਦਾ ਹੈ। ਮੁਹੱਲੇ ਵਾਲਿਆਂ ਦੇ ਕਹਿਣ ਦਾ ਵੀ ਕੋਈ ਅਸਰ ਨਹੀਂ ਹੁੰਦਾ। ਉਹ ਕੌਂਸਲਰ ਤੱਕ ਪਹੁੰਚ ਕਰਦਾ ਹੈ। ਕੌਂਸਲਰ ਦੀ ਆਪਣੀ ਮਜ਼ਬੂਰੀ ਹੈ। ਉਹ ਕਹਿੰਦਾ ਹੈ, 'ਅਸੀਂ ਤਾਂ ਵੋਟਾਂ ਲੈਣੀਆਂ ਹਨ। ਕੀਹਨੂੰ-ਕੀਹਨੂੰ ਰੋਕਾਂਗੇ।' ਸਮੱਸਿਆ ਉਥੇ ਹੀ ਖੜੀ ਰਹਿੰਦੀ ਹੈ।
ਇਕ ਵਾਰ ਜਦੋਂ ਮੈਂ ਆਪਣੇ ਸਹਿ ਕਰਮੀ ਦੇ ਘਰ ਅੱਗਿਓਂ ਲੰਘਣ ਲੱਗਾ ਤਾਂ ਮਨ 'ਚ ਆਇਆ ਕਿ ਉਸ ਨੂੰ ਹੈਲੋ ਕਹਿ ਚੱਲਾਂ। ਉਹ ਬੱਚਿਆਂ ਨੂੰ ਟਿਊਸ਼ਨ ਪੜ੍ਹਾ ਰਿਹਾ ਸੀ। ਥੋੜ੍ਹੀ ਦੇਰ ਮਗਰੋਂ ਇਕ ਕੁੜੀ ਸਾਰੇ ਬੱਚਿਆਂ ਨੂੰ ਟਾਫੀਆਂ/ ਗੋਲੀਆਂ ਤੇ ਕੋਟਡ ਸੌਂਫ ਵੰਡਣ ਲੱਗ ਪੈਂਦੀ ਹੈ। ਇਹ ਚੀਜ਼ਾਂ ਲੈਣ ਲਈ ਉਹ ਲੜਕੀ ਤੇ ਮੇਰਾ ਸਹਿ ਕਰਮੀ ਜ਼ੋਰ ਪਾਉਂਦੇ ਹਨ। ਮੈਂ ਪੱਕੀ ਨਾਂਹ ਕਰ ਦਿੰਦਾ ਹਾਂ। ਜਾਣ ਵੇਲੇ ਉਹ ਮੈਨੂੰ ਵਿਦਾ ਕਰਨ ਲਈ ਬਾਹਰ ਆਇਆ ਤਾਂ ਮੈਂ ਉਸ ਨੂੰ ਇਸ ਤਰ੍ਹਾਂ ਗੋਲੀਆਂ ਵੰਡਣ ਤੋਂ ਮਨ੍ਹਾ ਕੀਤਾ। ਉਹ ਇਕਦਮ ਗੁੱਸੇ 'ਚ ਆ ਗਿਆ ਤੇ ਕਿਹਾ, 'ਇਹ ਮੇਰਾ ਆਪਣਾ ਤਰੀਕਾ ਹੈ। ਮੈਂ ਬੱਚਿਆਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਖੁਸ਼ ਰੱਖਣਾ ਹੈ। ਤੂੰ ਮੇਰੇ ਇਸ ਅਮਲ 'ਚ ਦਖਲ ਨਾ ਦੇ।' ਮੈਂ ਅੱਗੇ ਬਹਿਸ ਕਰਨੀ ਠੀਕ ਨਹੀਂ ਸਮਝੀ। ਮੈਂ ਸੋਚਦਾ ਹਾਂ ਕਿ ਮਨਾਂ! ਕਿਉਂ ਐਵੇਂ ਕਲਪਦਾ ਏਂ। ਕੀਹਦਾ-ਕੀਹਦਾ ਸੁਧਾਰ ਕਰੇਂਗਾ। ਤੇਰੀ ਗੱਲ ਕੌਣ ਸੁਣਦਾ ਹੈ। ਵਾਕਿਆ ਹੀ ਅੱਜ ਕੱਲ੍ਹ ਕਿਸੇ ਨੂੰ ਕੁਝ ਕਹਿਣ ਦਾ ਸਮਾਂ ਨਹੀਂ।




# ਹਲਕਾ ਫੁਲਕਾ

ਬਸ ਵਿੱਚ ਕਾਫੀ ਭੀੜ ਸੀ।
ਇੱਕ ਮੋਟੀ ਔਰਤ ਅੱਗੇ ਖੜ੍ਹੀ ਕੁੜੀ ਤੰਗ ਆ ਕੇ ਬੋਲੀ, ''ਭੈਣ ਜੀ, ਤੁਸੀਂ ਮੈਨੂੰ ਵਾਰ-ਵਾਰ ਧੱਕਾ ਕਿਉਂ ਮਾਰ ਰਹੇ ਹੋ?''
''ਧੱਕੇ ਕੌਣ ਮਾਰ ਰਿਹਾ ਹੈ? ਮੈਂ ਤਾਂ ਸਾਹ ਲੈ ਰਹੀ ਹਾਂ।'' ਮੋਟੀ ਔਰਤ ਸ਼ਾਂਤੀ ਨਾਲ ਬੋਲੀ।

*********

ਲੱਕੀ, ''ਕੀ ਤੈਨੂੰ ਪਤਾ ਹੈ ਕਿ ਪੌਪਕਾਰਨ ਤਵੇ ਉਪਰ ਰੱਖਣ 'ਤੇ ਉਛਲਦੇ ਕਿਉਂ ਹਨ?''
ਵਿਸ਼ਾਲ, ''ਮੈਨੂੰ ਨਹੀਂ ਪਤਾ।''
ਲੱਕੀ, ''ਕਦੇ ਖੁਦ ਬੈਠ ਕੇ ਦੇਖੀਂ, ਪਤਾ ਲੱਗ ਜਾਵੇਗਾ।''

*********

ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

# ਸਿਰੜੀ ਮਨੁੱਖ ਦੀ ਸੱਚੀ-ਸੁੱਚੀ ਕਿਰਤ ਦਾ ਫਲ

-ਸੀ ਕੇ ਸਿੰਘ ਧਾਲੀਵਾਲ

ਸਤੰਬਰ 1960 ਵਿੱਚ ਦਾਦਾ ਜੀ ਤਿੰਨ-ਚਾਰ ਦਿਨ ਬਿਮਾਰ ਰਹਿਣ ਪਿੱਛੋਂ ਅਕਾਲ ਚਲਾਣਾ ਕਰ ਗਏ। ਉਸ ਸਮੇਂ ਮੈਂ ਪਹਿਲੀ ਵਿੱਚ ਪੜ੍ਹਦਾ ਸੀ। ਮੇਰੇ ਬਾਪੂ ਜੀ ਹੋਰੀਂ ਚਾਰ ਭਰਾ ਤੇ ਦੋ ਭੈਣਾਂ ਸਨ। ਸਾਰੇ ਵਿਆਹੇ ਹੋਏ ਸਨ। ਬਾਪੂ ਜੀ ਸਭ ਤੋਂ ਛੋਟੇ ਸਨ। ਇੱਕ ਵੱਡਾ ਭਰਾ ਪਿਛਲੇ ਪਿੰਡ ਰਹਿੰਦਾ ਸੀ ਅਤੇ ਬਾਕੀ ਤਿੰਨ ਇਸੇ ਪਿੰਡ ਰਹਿੰਦੇ ਸਨ। ਇਸ ਪਿੰਡ ਵਾਲੀ ਜ਼ਮੀਨ ਦਾ ਸਕਿਆਂ ਨਾਲ ਲੰਮਾ ਮੁਕੱਦਮਾ ਚੱਲਿਆ ਤੇ ਸਾਲ ਕੁ ਪਹਿਲਾਂ ਉਸ ਦਾ ਫੈਸਲਾ ਹੋਇਆ ਸੀ। ਪਰਵਾਰ ਮੁਕੱਦਮੇ ਕਾਰਨ ਟੁੱਟਿਆ ਹੋਇਆ ਸੀ ਤੇ ਦੋ ਖੇਤ ਜ਼ਮੀਨ ਗਿਰਵੀ ਰੱਖੀ ਹੋਈ ਸੀ।

ਦਾਦਾ ਜੀ ਦੀ ਅਚਾਨਕ ਹੋਈ ਮੌਤ ਨਾਲ ਪਰਵਾਰ ਵਿੱਚ ਵੰਡੀਆਂ ਪੈ ਗਈਆਂ। ਭੋਗ ਤੋਂ ਬਾਅਦ ਉਨ੍ਹਾਂ ਨੇ ਰੋਟੀ ਅਲੱਗ ਕਰ ਲਈ ਅਤੇ ਹਾੜ੍ਹੀ ਦੀ ਫਸਲ ਆਉਣ ਮਗਰੋਂ ਖੇਤੀ ਵੀ ਅੱਡ ਕਰ ਲਈ। ਇਸ ਦਾ ਇੱਕੋ ਕਾਰਨ ਸੀ ਕਿ ਦੋਵਾਂ ਨੂੰ ਰਿਸ਼ਤੇਦਾਰੀ ਵਿੱਚੋਂ ਹੋਰ ਜ਼ਮੀਨ ਆਉਂਦੀ ਸੀ। ਵੱਡੇ ਭਰਾਵਾਂ ਨੇ ਆਪਣੇ ਹਿਸਾਬ ਨਾਲ ਘਰ ਵੰਡ ਲਿਆ ਤੇ ਜ਼ਮੀਨ ਵੀ। ਸਭ ਤੋਂ ਛੋਟੇ ਹੋਣ ਕਾਰਨ ਮੇਰੇ ਪਿਤਾ ਜੀ ਨੂੰ ਜਿਹੜਾ ਹਿੱਸਾ ਦਿੱਤਾ, ਉਨ੍ਹਾਂ ਨੇ ਬਗੈਰ ਕਿਸੇ ਉਜਰ ਦੇ ਸਵੀਕਾਰ ਕਰ ਲਿਆ। ਸੱਤ ਏਕੜ ਜ਼ਮੀਨ (ਜਿਸ ਵਿੱਚ ਇੱਕ ਖੇਤ ਗਹਿਣੇ ਸੀ), ਇੱਕ ਬਲਦ ਤੇ ਇੱਕ ਮੱਝ ਉਨ੍ਹਾਂ ਦੇ ਹਿੱਸੇ ਆਈ। ਘਰ ਦੇ ਨਾਂਅ 'ਤੇ ਰਹਿਣ ਵਾਸਤੇ ਇੱਕ ਵੱਡੀ ਸਬ੍ਹਾਤ ਹੀ ਸੀ, ਪਸ਼ੂਆਂ ਵਾਲੀ ਥਾਂ ਬਿਲਕੁਲ ਖਾਲੀ ਸੀ ਅਤੇ ਨਾ ਹੀ ਤੂੜੀ ਵਗੈਰਾ ਪਾਉਣ ਵਾਸਤੇ ਕੋਈ ਕਮਰਾ ਸੀ। ਪਿਤਾ ਜੀ ਨੇ ਖੇਤਾਂ ਵਿੱਚ ਹੀ ਕੰਮ ਕੀਤਾ ਸੀ, ਬਾਹਰਲਾ ਲੈਣ-ਦੇਣ ਦਾ ਕੰਮ ਭਾਈ ਜਾਂ ਦਾਦਾ ਜੀ ਕਰਦੇ ਸਨ। ਭਾਈਆਂ ਵੱਲੋਂ ਅਲੱਗ ਕਰ ਦੇਣ ਕਾਰਨ ਬਾਪੂ ਜੀ ਨੂੰ ਇੱਕ ਤਰ੍ਹਾਂ ਸਦਮਾ ਲੱਗਾ। ਦੋ ਦਿਨ ਘਰ ਤੋਂ ਬਾਹਰ ਹੀ ਨਾ ਗਏ ਤਾਂ ਤੀਜੇ ਦਿਨ ਦਾਦੀ ਜੀ, ਜੋ ਸਾਡੇ ਨਾਲ ਸਨ, ਤੇ ਮਾਤਾ ਜੀ ਨੇ ਬਾਪੂ ਜੀ ਨੂੰ ਕਿਹਾ, 'ਸਾਰਾ ਜੱਗ ਅੱਡ ਹੁੰਦਾ ਹੈ, ਆਪਾਂ ਕਿਹੜੇ 'ਕੱਲੇ ਅੱਡ ਹੋਏ ਹਾਂ।'

ਬਾਪੂ ਜੀ ਨੇ ਕਿਹਾ, ''ਮੈਨੂੰ ਅੱਡ ਹੋਣ ਦਾ ਦੁੱਖ ਨਹੀਂ, ਇੱਕ ਬਲਦ ਨਾਲ ਖੇਤੀ ਕਿਵੇਂ ਹੋਵੇਗੀ ਤੇ ਪਸ਼ੂਆਂ ਨੂੰ ਕਿੱਥੇ ਬੰਨ੍ਹਾਂਗੇ?'' ਉਸੇ ਵਕਤ ਮਾਤਾ ਜੀ ਅੰਦਰ ਗਏ ਅਤੇ ਸੰਦੂਕ ਵਿੱਚ ਰੱਖੇ ਹੋਏ ਆਪਣੇ ਗਹਿਣੇ ਬਾਹਰ ਲਿਆ ਕੇ, ਇਥੋਂ ਤੱਕ ਕਿ ਕੰਨਾਂ ਵਿੱਚ ਪਾਈਆਂ ਵਾਲੀਆਂ ਵੀ ਲਾਹ ਕੇ ਬਾਪੂ ਜੀ ਨੂੰ ਫੜਾ ਦਿੱਤੀਆਂ ਅਤੇ ਕਿਹਾ, ''ਇਹ ਕੀ ਘਰ ਪਏ ਵਧਣਗੇ! ਜਾਹ ਇਨ੍ਹਾਂ ਨੂੰ ਵੇਚ ਕੇ ਪਹਿਲਾਂ ਇੱਕ ਬਲਦ ਲੈ ਅਤੇ ਨਾਲ ਜਿਹੜਾ ਖੇਤ ਗਹਿਣੇ ਪਿਆ ਹੈ, ਉਸ ਨੂੰ ਛੁਡਾ। ਜੇ ਪੈਸੇ ਬਚ ਗਏ ਤਾਂ ਪਸ਼ੂਆਂ ਨੂੰ ਇੱਕ ਵਰਾਂਡਾ ਛੱਤ ਲਈਏ ਅਤੇ ਸਬਾਤ ਵਿੱਚ ਕੰਧ ਕੱਢ ਕੇ ਤੂੜੀ ਪਾ ਲਵਾਂਗੇ।'' ਪਿਤਾ ਜੀ ਨੂੰ ਇਸ ਨਾਲ ਹੌਸਲਾ ਮਿਲਿਆ, ਉਨ੍ਹਾਂ ਪਿੰਡ ਵਿੱਚੋਂ ਆਪਣੇ ਇੱਕ ਦੋਸਤ ਨੂੰ ਨਾਲ ਲਿਜਾ ਕੇ ਸ਼ਹਿਰ ਗਹਿਣੇ ਵੇਚ ਦਿੱਤੇ। ਪਹਿਲਾਂ ਗਹਿਣੇ ਰੱਖਿਆ ਖੇਤ ਛੁਡਾਇਆ ਤੇ ਇੱਕ ਊਠ ਖਰੀਦ ਲਿਆ, ਜਿਸ ਨਾਲ ਖੇਤੀ ਦੇ ਦੋ ਕੰਮ ਹੋਣ ਲੱਗੇ, ਖੂਹ ਵਿੱਚੋਂ ਪਾਣੀ ਕੱਢਣ ਤੇ ਹਲ ਚਲਾਉਣ ਦਾ। ਬਾਕੀ ਬਚੇ ਪੈਸਿਆਂ ਨਾਲ ਪਸ਼ੂਆਂ ਵਾਸਤੇ ਵਰਾਂਡਾ ਬਣਾ ਲਿਆ ਅਤੇ ਰਹਿਣ ਵਾਲੀ ਸਬ੍ਹਾਤ ਵਿਚਕਾਰ ਕੰਧ ਕੱਢ ਕੇ ਅੱਧੀ ਸਬ੍ਹਾਤ ਤੂੜੀ ਪਾਉਣ ਵਾਸਤੇ ਬਣਾ ਲਈ।

ਗੁਆਂਢੀ ਪਿੰਡ ਸਰਦਾਰ ਸੀ, ਜਿਨ੍ਹਾਂ ਕੋਲ ਜ਼ਮੀਨ ਵਾਧ ਸੀ। ਉਹ ਵੰਡਾਈ (ਤੀਜੇ ਹਿੱਸੇ) 'ਚ ਖੇਤੀ ਵਾਸਤੇ ਲੋਕਾਂ ਨੂੰ ਵਾਹੁਣ ਵਾਸਤੇ ਦਿੰਦੇ ਸਨ। ਉਨ੍ਹਾਂ ਤੋਂ ਅੱਠ ਏਕੜ ਜ਼ਮੀਨ ਖੂਹ ਵਾਲੀ ਲੈ ਕੇ ਅਤੇ ਆਪਣੇ ਹਾਣ ਦਾ ਇੱਕ ਸੀਰੀ ਨਾਲ ਰਲਾ ਕੇ (ਜਿਸ ਨੂੰ ਉਪਜ ਵਿੱਚੋਂ ਪੰਜਵਾਂ ਹਿੱਸਾ ਦੇਣਾ ਸੀ) 15 ਏਕੜ ਦੀ ਖੇਤੀ ਕਰਨ ਲੱਗੇ। ਪਿੱਛੇ ਮੁੜ ਕੇ ਨਹੀਂ ਵੇਖਿਆ। ਸਬਰ ਸੰਤੋਖ ਨਾਲ ਹੱਡ ਭੰਨਵੀਂ ਮਿਹਨਤ ਕੀਤੀ ਤੇ ਮਿਹਨਤ ਨੂੰ ਫਲ ਪੈਣਾ ਸ਼ੁਰੂ ਹੋਇਆ। ਚਾਰ ਪੰਜ ਸਾਲਾਂ ਵਿੱਚ ਰਹਿਣ ਵਾਲੇ ਦੋ ਕਮਰੇ ਪੱਕੇ ਬਣਾ ਲਏ ਤੇ ਫਿਰ ਬਾਹਰਲੇ ਘਰ ਤੂੜੀ ਤੇ ਪਸ਼ੂਆਂ ਲਈ ਅਲੱਗ ਮਕਾਨ ਬਣਾ ਲਿਆ। ਇਸ ਤੋਂ ਦੋ ਤਿੰਨ ਸਾਲਾਂ ਬਾਅਦ ਤਿੰਨ ਚਾਰ ਖੇਤ ਗਹਿਣੇ ਲੈ ਲਏ, ਜਿਸ ਨਾਲ ਘਰ ਵਿੱਚ ਵੱਧ ਫਸਲ ਆਉਣਲੱਗੀ।


ਇਸ ਤੋਂ ਬਾਅਦ ਉਨ੍ਹਾਂ ਨੇ ਪਿੰਡ ਦੇ ਦੋ ਹੋਰ ਜ਼ਿਮੀਂਦਾਰ ਭਰਾਵਾਂ ਨਾਲ ਦਸ ਸਾਲ ਸਾਂਝੀ ਖੇਤੀ ਕੀਤੀ। ਸਰਦਾਰਾਂ ਦੀ 20 ਏਕੜ ਜ਼ਮੀਨ ਇਕੱਠੀ ਲੈਣੀ ਅਤੇ ਉਸ ਵਿੱਚ ਤੇ ਘਰ ਵਾਲੀ ਜ਼ਮੀਨ ਵਿੱਚ ਇਕੱਠੀ ਫਸਲ ਬੀਜਣੀ, ਵਾਹੁਣੀ ਅਤੇ ਕੱਢਣੀ ਅਤੇ ਲਾਭ ਹਿੱਸੇ ਮੁਤਾਬਕ ਵੰਡ ਲੈਣਾ। ਮੇਰਾ ਛੋਟਾ ਭਰਾ ਪੜ੍ਹਨੋਂ ਹਟ ਗਿਆ। ਉਹ ਵੀ ਖੇਤੀ ਵਿੱਚ ਉਨ੍ਹਾਂ ਨਾਲ ਕੰਮ ਕਰਨ ਲੱਗਾ ਤਾਂ 1977 ਵਿੱਚ ਅੱਠ ਏਕੜ ਜ਼ਮੀਨ ਸਰਦਾਰਾਂ ਤੋਂ ਖਰੀਦ ਲਈ। ਵੱਡੀ ਭੈਣ ਦਾ ਵਿਆਹ ਕੀਤਾ ਅਤੇ ਛੋਟਾ ਭਰਾ ਵੀ ਵਿਆਹ ਲਿਆ। 1978 ਵਿੱਚ ਮੇਰੀ ਪੜ੍ਹਾਈ ਪੂਰੀ ਹੋਈ ਤਾਂ ਮੈਨੂੰ ਸਿਖਿਆ ਮਹਿਕਮੇ ਦੀ ਨੌਕਰੀ ਮਿਲ ਗਈ ਤੇ ਘਰ ਵਿੱਚ ਹੋਰ ਪੈਸੇ ਆਉਣ ਨਾਲ ਘਰ ਦਾ ਗੁਜ਼ਾਰਾ ਹੋਰ ਸੁਖਾਲਾ ਹੋ ਗਿਆ।

ਮੇਰੇ ਬਾਪੂ ਜੀ ਨੇ ਸਾਰੀ ਉਮਰ ਕਰਜ਼ਾ ਨਹੀਂ ਲਿਆ। ਇੰਜਣ, ਟਰੈਕਟਰ ਸਭ ਕੁਝ ਨਕਦ ਪੈਸੇ ਦਾ ਲਿਆ। ਬਾਪੂ ਜੀ ਦਾ ਮੰਨਣਾ ਸੀ ਕਿ ਕਰਜ਼ਾ ਲਿਆ ਤਾਂ ਵਿਆਜ ਘਾਹ ਵਾਂਗੂ ਵਧਦਾ ਹੈ। ਮਸ਼ੀਨਰੀ ਆਉਣ ਅਤੇ ਮੇਰੀ ਤਨਖਾਹ ਆਉਣ ਨਾਲ ਫਸਲ ਦੀ ਆਮਦਨ ਬਚਣ ਲੱਗੀ। ਉਨ੍ਹਾਂ ਨੇ ਹੋਰ 12 ਏਕੜ ਜ਼ਮੀਨ ਖਰੀਦ ਲਈ ਜਿਸ ਨਾਲ ਉਹ 27 ਏਕੜ ਦੇ ਮਾਲਕ ਬਣ ਗਏ। ਛੋਟੀ ਭੈਣ ਨੂੰ ਹੋਸਟਲ ਵਿੱਚ ਰੱਖ ਕੇ ਬੀ ਏ ਕਰਾਈ, ਉਸ ਦਾ ਵਿਆਹ ਕੀਤਾ।

ਉਨ੍ਹਾਂ ਦੇ ਜੀਵਨ ਤੋਂ ਇਹੀ ਸੇਧ ਮਿਲਦੀ ਹੈ ਕਿ ਬਿਨਾਂ ਮਤਲਬ ਕਰਜ਼ੇ ਲੈ ਕੇ ਵਿਆਹਾਂ, ਘਰਾਂ ਤੇ ਫਾਲਤੂ ਮਸ਼ੀਨਰੀ 'ਤੇ ਕੀਤਾ ਖਰਚ ਤੇ ਕਿਰਤ ਤੋਂ ਮੁਨਕਰ ਹੋਣਾ ਠੀਕ ਨਹੀਂ। ਘਰ ਜਾਂ ਖੇਤੀ ਦਾ ਕੰਮ ਬਿਗਾਨੇ ਹੱਥਾਂ ਵਿੱਚ ਛੱਡ ਕੇ ਕਾਰਾਂ ਜਾਂ ਮੋਟਰ ਸਾਈਕਲਾਂ 'ਤੇ ਬਿਨਾਂ ਕੰਮ ਸ਼ਹਿਰਾਂ ਦੇ ਗੇੜੇ ਲਾਉਣੇ ਛੱਡ ਕੇ ਜਿੰਨਾ ਕੰਮ ਹੱਥੀਂ ਹੋ ਸਕਦਾ ਹੈ, ਹੱਥੀਂ ਕੀਤਾ ਜਾਵੇ। ਲੋੜ ਵੇਲੇ ਹੀ ਮਸ਼ੀਨਾਂ ਦੀ ਵਰਤੋਂ ਕੀਤੀ ਜਾਵੇ ਤਾਂ ਪੈਸੇ ਦੀ ਬੱਚਤ ਹੋਣ ਦੇ ਨਾਲ ਨਾਲ ਮਨੁੱਖ ਸਿਹਤਮੰਦ ਰਹਿੰਦਾ ਹੈ।

# ਹਰ ਪਾਸੇ ਫੈਲਿਆ ਭ੍ਰਿਸ਼ਟਾਚਾਰ

-ਲਕਸ਼ਮੀਕਾਂਤਾ ਚਾਵਲਾ-



ਕਾਂਗਰਸ ਦੀ ਅਗਵਾਈ ਵਾਲੀ ਯੂ ਪੀ ਏ ਸਰਕਾਰ ਦੇ ਦੂਜੇ ਕਾਰਜਕਾਲ ਵਿੱਚ ਘੁਟਾਲਿਆਂ ਦਾ ਵਧੇਰੇ ਸ਼ੋਰ ਰਿਹਾ ਸੀ। ਉਸ ਦੌਰ ਵਿੱਚ ਰਾਜਸੀ ਖੇਤਰ ਵਿੱਚ ਇਕ ਨਵੀਂ ਲਹਿਰ ਦਿਖਾਈ ਦਿੱਤੀ, ਜਿਹੜੀ ਕੁਝ ਸਮੇਂ ਵਿੱਚ ਹੀ ਦੇਸ਼ ਦੇ ਹਰ ਕੋਨੇ ਤੱਕ ਫੈਲ ਗਈ। ਭਾਰਤ ਦੀ ਜਨਤਾ ਨੇ ਸਰਕਾਰ ਬਦਲਣ ਦਾ ਇਰਾਦਾ ਕੀਤਾ ਤੇ ਭਾਜਪਾ ਸਭ ਤੋਂ ਵੱਡੀ ਪਾਰਟੀ ਹੀ ਨਹੀਂ, ਪੂਰਨ ਬਹੁਮਤ ਹਾਸਲ ਕਰਕੇ ਸੱਤਾ ਵਿੱਚ ਆਈ। ਚੋਣ ਪ੍ਰਚਾਰ ਸਮੇਂ ਨਰਿੰਦਰ ਮੋਦੀ ਦੀ ਆਵਾਜ਼ ਹਰ ਪਿੰਡ ਅਤੇ ਗਲੀ ਤੱਕ ਪੁੱਜੀ ਤੇ ਉਨ੍ਹਾਂ ਦੇਸ਼ਵਾਸੀਆਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀ ਸਰਕਾਰ ਭ੍ਰਿਸ਼ਟਾਚਾਰ ਤੋਂ ਮੁਕਤ ਸ਼ਾਸਨ ਦੇਵੇਗੀ। ਦੇਸ਼ ਨੂੰ ਭ੍ਰਿਸ਼ਟਾਚਾਰ ਮੁਕਤ ਕੀਤਾ ਜਾਵੇਗਾ। ਉਨ੍ਹਾਂ ਨੇ ਐਲਾਨ ਕੀਤਾ ਕਿ ਨਾ ਖਾਵਾਂਗਾ ਅਤੇ ਨਾ ਖਾਣ ਦਿਆਂਗਾ।

ਇਹ ਸੱਚ ਹੈ ਕਿ ਮੋਦੀ ਦੀ ਆਪਣੀ ਸ਼ਖਸੀਅਤ ਸਦਾਚਾਰ ਵਾਲੀ ਹੈ। ਇਸ ਦੇ ਬਾਵਜੂਦ ਦੇਸ਼ ਵਿੱਚੋਂ ਭ੍ਰਿਸ਼ਟਾਚਾਰ ਖਤਮ ਨਹੀਂ ਹੋਇਆ। ਜਨਵਰੀ 2018 ਤੋਂ ਜਨਵਰੀ 2019 ਦੌਰਾਨ ਇੰਡੀਆ ਟੁਡੇ ਕਾਰਵੀ ਇਨਸਾਈਟਸ ਨੇ ਭਾਰਤ ਵਿੱਚ ਭ੍ਰਿਸ਼ਟਾਚਾਰ ਬਾਰੇ ਸਰਵੇਖਣ ਕੀਤਾ। ਉਸ ਦੇ ਅੰਕੜਿਆਂ ਮੁਤਾਬਕ 70 ਫੀਸਦੀ ਲੋਕਾਂ ਦਾ ਮੰਨਣਾ ਹੈ ਕਿ ਬੀਤੇ ਪੰਜ ਸਾਲਾਂ ਵਿੱਚ ਭ੍ਰਿਸ਼ਟਾਚਾਰ ਦੀ ਦਰ ਘਟੀ ਨਹੀਂ। 34 ਫੀਸਦੀ ਲੋਕਾਂ ਦੀ ਰਾਏ ਹੈ ਕਿ ਸੁਧਾਰ ਦੀ ਥਾਂ, ਭ੍ਰਿਸ਼ਟਾਚਾਰ ਵਧਿਆ। 36 ਫੀਸਦੀ ਲੋਕ ਮਹਿਸੂਸ ਕਰਦੇ ਹਨ ਕਿ ਦੇਸਖ ਵਿੱਚ ਭ੍ਰਿਸ਼ਟਾਚਾਰ ਦਾ ਹਾਲ ਪਹਿਲਾਂ ਵਰਗਾ ਹੈ, ਜਿਹੋ ਜਿਹੀ ਯੂ ਪੀ ਏ ਸਰਕਾਰ ਸਮੇਂ ਸੀ। 25 ਫੀਸਦੀ ਲੋਕ ਇਹ ਮੰਨਦੇ ਹਨ ਕਿ ਮੋਦੀ ਰਾਜ ਵਿੱਚ ਭ੍ਰਿਸ਼ਟਾਚਾਰ ਘਟਿਆ ਹੈ। ਇਨ੍ਹਾਂ ਅੰਕੜਿਆਂ ਨੂੰ ਪਿਛਾਂਹ ਛੱਡ ਦਿੱਤਾ ਜਾਵੇ ਅਤੇ ਵਿਸ਼ਵਾਸ ਨਾ ਕੀਤਾ ਜਾਵੇ ਤਾਂ ਪਿੱਛੇ ਜਿਹੇ ਨਿਜ਼ਾਮਾਬਾਦ ਚੈਂਬਰ ਆਫ ਕਾਮਰਸ ਐਂਡ ਇੰਡਸਟਰੀ ਨੇ ਜਿਹੜੀ ਜਾਣਕਾਰੀ ਦਿੱਤੀ ਹੈ ਉਸ ਮੁਤਾਬਕ ਹਰ ਘਰ ਵਿੱਚ ਵਰਤੀਆਂ ਜਾਂਦੀਆਂ ਦਵਾਈਆਂ ਮੁਲਕ ਵਿੱਚ ਰਿਟੇਲਰ 30 ਗੁਣਾ ਤੋਂ ਵੱਧ ਕੀਮਤ 'ਤੇ ਵੇਚ ਰਹੇ ਹਨ। ਦਵਾਈ ਦੀ ਅਸਲ ਕੀਮਤ ਬਹੁਤ ਘੱਟ ਹੋਣ ਦੇ ਬਾਵਜੂਦ ਐਮ ਆਰ ਪੀ ਬਹੁਤ ਵੱਧ ਲਿਖਿਆ ਹੁੰਦਾ ਹੈ।

ਮੈਂ ਕਾਫੀ ਚਿਰ ਪਹਿਲਾਂ ਇਕ ਕੇਂਦਰੀ ਮੰਤਰੀ ਨੂੰ ਆਖਿਆ ਸੀ ਕਿ ਇਹ ਐਮ ਆਰ ਪੀ ਨਹੀਂ, ਸਗੋਂ ਐਮ ਐਲ ਪੀ ਅਰਥਾਤ ਮੈਕਸੀਮਮ ਲੂਟ ਪ੍ਰਾਈਸ। ਇਹ ਸਭ ਨੂੰ ਪਤਾ ਹੈ ਕਿ ਵੱਡੀਆਂ ਕੰਪਨੀਆਂ ਡਾਕਟਰ ਨਾਲ ਕਿੰਦਾਂ ਦੀ ਗੰਢਤੁੱਪ ਕਰਦੀਆਂ ਹਨ ਤੇ ਡਾਕਟਰਾਂ ਤੋਂ ਮਰੀਜਾਂ ਨੂੰ ਇਹ ਦਵਾਈਆਂ ਲਿਖਵਾਉਣ ਲਈ ਕਿੰਨੀ ਕੀਮਤ ਦਿੱਤੀ ਜਾਂਦੀ ਹੈ। ਮੈਡੀਕਲ ਪ੍ਰਤੀਨਿਧ ਤੋਂ ਸਰਕਾਰੀ ਤੰਤਰ ਇਹ ਜਾਣਕਾਰੀ ਲਵੇ ਕਿ ਉਨ੍ਹਾਂ ਨੂੰ ਆਪਣੀਆਂ ਕੰਪਨੀਆਂ ਦੀਆਂ ਦਵਾਈਆਂ ਵੇਚਣ ਲਈ ਕਿਹੜੇ-ਕਿਹੜੇ ਲਾਲਚ ਦੇਣੇ ਪੈਂਦੇ ਹਨ ਅਤੇ ਇਸ ਬਦਲ ਉਨ੍ਹਾਂ ਨੂੰ ਕੰਪਨੀਆਂ ਤੋਂ ਕੀ ਕੁਝ ਮਿਲਦਾ ਹੈ। ਇਹ ਭ੍ਰਿਸ਼ਟਾਚਾਰ ਦੀ ਮੂੰਹ ਬੋਲਦੀ ਤਸਵੀਰ ਹੀ ਨਹੀਂ, ਉਸ ਦਾ ਸਾਕਾਰ ਰੂਪ ਹੈ। ਕੀ ਸਰਕਾਰਾਂ ਨੂੰ ਇਹ ਪਤਾ ਨਹੀਂ ਕਿ ਗੈਰ ਸਰਕਾਰੀ ਮੈਡੀਕਲ ਕਾਲਜਾਂ ਵਿੱਚ ਦਾਖਲੇ ਲਈ ਕੀ ਕੁਝ ਦੇਣਾ ਪੈਂਦਾ ਹੈ। ਗੱਲ ਲੱਖਾਂ ਦੀ ਨਹੀਂ, ਕਰੋੜਾਂ ਦੀ ਹੈ। ਜਿਨ੍ਹਾਂ ਰਾਜਾਂ ਵਿੱਚ ਮੈਡੀਕਲ ਕਾਲਜ ਹਨ, ਕੀ ਉਥੋਂ ਦੀਆਂ ਸਰਕਾਰਾਂ ਨੂੰ ਇਹ ਪਤਾ ਨਹੀਂ ਕਿ ਇਨ੍ਹਾਂ ਕਾਲਜਾਂ ਵਿੱਚ ਦਾਖਲੇ ਸਮੇਂ ਕੈਪੀਟੇਸ਼ਨ ਫੀਸ ਦੇ ਨਾਂ 'ਤੇ ਕਿੰਨੀ ਰਿਸ਼ਵਤ ਲਈ ਜਾਂਦੀ ਹੈ। ਅਸੀਂ ਕਿਵੇਂ ਮੰਨ ਲਈਏ ਕਿ ਨੋਟਬੰਦੀ ਤੋਂ ਪਹਿਲਾਂ ਕਾਲਾ ਧਨ ਚੱਲਦਾ ਸੀ ਅਤੇ ਫਿਰ ਇਸ ਦੀ ਵਰਤੋਂ ਬੰਦ ਹੋ ਗਈ ਹੈ? ਇਹੀ ਕਾਰਨ ਹੈ ਕਿ ਵੱਡੇ-ਵੱਡੇ ਨਰਸਿੰਗ ਹੋਮਜ਼ ਵਿੱਚ ਮਰੀਜ਼ਾਂ ਕੋਲੋਂ ਮੂੰਹ ਮੰਗੀ ਫੀਸ ਲਈ ਜਾਂਦੀ ਹੈ। ਜਿਸ ਦੇਸ਼ ਵਿੱਚ ਕਰੋੜਾਂ ਲੋਕ ਬਿਮਾਰੀ ਦਾ ਇਲਾਜ ਨਹੀਂ ਕਰਵਾ ਸਕਦੇ, ਜਿਥੇ ਅਨੇਕਾਂ ਬਿਮਾਰ ਕਦੇ ਸਰਕਾਰੀ ਹਸਪਤਾਲਾਂ ਨਹੀਂ ਪੁੱਜਦੇ, ਉਸ ਦੇਸ਼ ਵਿੱਚ ਜੇ ਡਾਕਟਰ ਬਣਨ ਲਈ ਰਿਸ਼ਵਤ ਦੇਣੀ ਪਵੇ ਤੇ ਲੋਕ ਮਹਿੰਗੇ ਨਿੱਜੀ ਹਸਪਤਾਲਾਂ ਵਿੱਚ ਇਲਾਜ ਲਈ ਮਜਬੂਰ ਹੋਣ ਤਾਂ ਕੌਣ ਕਹੇਗਾ ਕਿ ਭ੍ਰਿਸ਼ਟਾਚਾਰ ਖਤਮ ਹੋ ਗਿਆ ਹੈ।


ਗੈਰਕਾਨੂੰਨੀ ਮਾਈਨਿੰਗ ਦਿਨ ਦਿਹਾੜੇ ਹੁੰਦੀ ਹੈ। ਪਿਛਲੇ ਦਿਨੀਂ ਰਾਜਸਥਾਨ ਦੀ ਇਕ ਅਦਾਲਤ ਦੇ ਸੀਨੀਅਰ ਜੱਜ ਨੇ ਕਿਹਾ ਸੀ ਕਿ 28 ਖੇਤਰਾਂ ਵਿੱਚ ਇੰਨੀ ਮਾਈਨਿੰਗ ਹੋਈ ਕਿ ਪਹਾੜੀ ਹੀ ਗਾਇਬ ਹੋ ਗਏ, ਜਾਪਦਾ ਹੈ ਜਿਵੇਂ ਭਗਵਾਨ ਹਨੂੰਮਾਨ ਇਨ੍ਹਾਂ ਨੂੰ ਚੁੱਕ ਕੇ ਲੈ ਗਏ। ਇਹ ਉਨ੍ਹਾਂ ਨੇ ਮਾਈਨਿੰਗ ਮਾਫੀਆ ਤੋਂ ਦੁਖੀ ਹੋਣ ਕਾਰਨ ਕਿਹਾ ਹੋਵੇਗਾ। ਮਾਈਨਿੰਗ ਮਾਫੀਆ ਨੂੰ ਸਰਕਾਰੀ ਸਰਪ੍ਰਸਤੀ ਤੋਂ ਇਨਕਾਰ ਨਹੀਂ ਹੋ ਸਕਦਾ। ਪਿਛਲੀ ਪੰਜਾਬ ਸਰਕਾਰ ਵੀ ਗੈਰ ਕਾਨੂੰਨੀ ਮਾਈਨਿੰਗ ਕਾਰਨ ਹੀ ਸੱਤਾ ਤੋਂ ਲਾਂਭੇ ਹੋਈ, ਪਰ ਮੌਜੂਦਾ ਸਰਕਾਰ ਵੀ ਮਾਈਨਿੰਗ ਮਾਫੀਆ ਨੂੰ ਨੱਥ ਨਹੀਂ ਪਾ ਸਕੀ।

ਸਰਕਾਰ ਤੇ ਰਾਜਨੀਤੀ ਦੇ ਵੱਡੇ-ਵੱਡੇ ਸੌਦਿਆਂ ਅਤੇ ਲੈਣ ਦੇਣ ਵਿੱਚ ਭ੍ਰਿਸ਼ਟਾਚਾਰ ਹੈ ਜਾਂ ਨਹੀਂ, ਮੈਂ ਨਹੀਂ ਜਾਣਦੀ ਪਰ ਆਮ ਜ਼ਿੰਦਗੀ ਵਿੱਚ ਭ੍ਰਿਸ਼ਟਾਚਾਰ ਥਾਂ-ਥਾਂ ਨਜ਼ਰੀ ਪੈਂਦਾ ਹੈ। ਭ੍ਰਿਸ਼ਟਾਚਾਰ ਬਾਰੇ ਟਰੱਕ ਡਰਾਈਵਰਾਂ, ਟੈਕਸੀ ਵਾਲਿਆਂ ਤੋਂ ਪੁੱਛੋ, ਜਾਣਕਾਰੀ ਮਿਲ ਜਾਵੇਗੀ ਕਿ ਕਿਸ ਤਰ੍ਹਾਂ ਵਰਦੀ ਵਾਲੇ ਲੁੱਟੇ ਹਨ। ਤਹਿਸੀਲ ਜਾਂ ਪਟਵਾਰਖਾਨੇ ਵਿੱਚ ਕੀ ਹੁੰਦਾ ਹੈ? ਜ਼ਮੀਨ ਦੀ ਨਿਸ਼ਾਨਦੇਹੀ ਬਾਰੇ ਸਰਵੇਖਣ ਕਰਨ ਵਾਲਿਆਂ ਨੂੰ 70 ਫੀਸਦੀ ਨਹੀਂ, 99 ਫੀਸਦੀ ਲੋਕ ਰਿਸ਼ਵਤ ਦਿੰਦੇ ਨਜ਼ਰ ਆਉਣਗੇ। ਖਾੜਕੂਵਾਦ ਦੇ ਕਾਲੇ ਦਿਨ ਅੱਜ ਵੀ ਚੇਤੇ ਹਨ। ਇੱਕ ਪੀੜਤ ਵਿਅਕਤੀ ਦਾ ਪੋਸਟ ਮਾਰਟਮ ਕਰਾਉਣ ਲਈ ਵੀ ਕੁਝ ਵਿਅਕਤੀ ਰਿਸ਼ਵਤ ਲੈਂਦੇ ਸਨ ਤੇ ਮੌਤ ਦੀ ਪੁਸ਼ਟੀ ਕਰਨ ਲਈ ਵੀ ਪੈਸਾ ਦੇਣਾ ਪੈਂਦਾ ਸੀ। ਥਾਣਿਆਂ ਵਿੱਚ ਭ੍ਰਿਸ਼ਟਾਚਾਰ, ਹਸਪਤਾਲਾਂ ਵਿੱਚ ਭ੍ਰਿਸ਼ਟਾਚਾਰ, ਸਕੂਲਾਂ ਕਾਲਜਾਂ ਵਿੱਚ ਭ੍ਰਿਸ਼ਟਾਚਾਰ, ਹਰ ਥਾਂ ਭ੍ਰਿਸ਼ਟਾਚਾਰ ਦਿਖਾਈ ਦਿੰਦਾ ਹੈ। ਅਫਸੋਸ ਕਿ ਮਹਿਲਾ ਪੁਲਸ ਸਟੇਸ਼ਨ ਵੀ ਇਸ ਤੋਂ ਬਚ ਨਾ ਸਕੇ। ਸੱਚ ਇਹ ਹੈ ਕਿ ਜਦੋਂ ਤੱਕ ਚੋਣਾਂ ਵਿੱਚ ਰਿਸ਼ਵਤ ਚਲੇਗੀ, ਨੋਟਾਂ ਬਦਲੇ ਵੋਟ ਮਿਲਣਗੇ, ਦਲ ਬਦਲੂਆਂ ਨੂੰ ਰਾਜਸੀ ਪਾਰਟੀਆਂ ਵੱਡੇ ਅਹੁਦੇ ਦੇਣਗੀਆਂ, ਚੋਣਾਂ ਵਿੱਚ ਕਰੋੜਾਂ ਰੁਪਏ ਖਰਚ ਹੋਣਗੇ ਅਤੇ ਚੋਣ ਕਮਿਸ਼ਨ ਮੂਕ ਦਰਸ਼ਕ ਬਣਿਆ ਇਹ ਸਭ ਦੇਖੇਗਾ, ਉਦੋਂ ਤੱਕ ਭ੍ਰਿਸ਼ਟਾਚਾਰ ਖਤਮ ਨਹੀਂ ਹੋ ਸਕਦਾ। ਚੇਤੇ ਰੱਖਣਾ ਹੋਵੇਗਾ ਕਿ ਨਾਗਰਿਕਾਂ ਦਾ ਸਦਾਚਾਰ ਹੀ ਭ੍ਰਿਸ਼ਟਾਚਾਰ ਨੂੰ ਮਾਤ ਦੇ ਸਕਦਾ ਹੈ।

# ਕੀ ਅਕਾਲੀ-ਭਾਜਪਾ ਸੰਬੰਧ ਪਟੜੀ 'ਤੇ ਆ ਗਏ ਨੇ?



ਜਸਵੰਤ ਸਿੰਘ 'ਅਜੀਤ'



ਤਖਤ ਸੱਚ ਖੰਡ ਸ੍ਰੀ ਹਜ਼ੂਰ ਸਾਹਿਬ ਦੇ ਪ੍ਰਬੰਧਕੀ ਬੋਰਡ ਵਿੱਚ ਆਪਣੀ ਪ੍ਰਤੀਨਿਧਾ ਵਧਾਏ ਜਾਣੇ ਦੇ ਉਦੇਸ਼ ਨਾਲ ਮਹਾਰਾਸ਼ਟਰਾ ਸਰਕਾਰ ਵਲੋਂ ਤਖਤ ਸਾਹਿਬ ਦੇ ਪ੍ਰਬੰਧਕੀ ਬੋਰਡ ਨਾਲ ਸੰਬੰਧਤ ਕਾਨੂੰਨ ਵਿੱਚ ਸੋਧ ਕੀਤੇ ਜਾਣ ਦੀ ਚਰਚਾ ਦੇ ਚਲਦਿਆਂ ਪੈਦਾ ਹੋਏ ਵਿਵਾਦ ਕਾਰਣ ਅਕਾਲੀ-ਭਾਜਪਾ ਸੰਬੰਧਾਂ ਵਿੱਚ ਕੜਵਾਹਟ ਪੈਦਾ ਹੋਣ ਤੋਂ ਲੈ ਕੇ ਉਨ੍ਹਾਂ ਦੇ ਟੁੱਟ ਜਾਣ ਤਕ ਦੇ ਕਿਨਾਰੇ ਪੁਜ ਜਾਣ ਦੀਆਂ ਚਰਚਾਵਾਂ ਦੇ ਦੌਰਨ ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਭਾਜਪਾ ਦੇ ਕੌਮੀ ਪ੍ਰਧਾਨਾਂ, ਸ. ਸੁਖਬੀਰ ਸਿੰਘ ਬਾਦਲ ਅਤੇ ਸ਼੍ਰੀ ਅਮਿਤ ਸ਼ਾਹ ਵਿੱਚ ਹੋਈ ਲੰਮੀ ਗਲਬਾਤ ਤੋਂ ਬਾਅਦ ਸ. ਸੁਖਬੀਰ ਸਿੰਘ ਬਾਦਲ ਵਲੋਂ ਇਹ ਦਾਅਵਾ ਕੀਤਾ ਗਿਆ ਕਿ ਇਸ ਮੁਲਾਕਾਤ ਵਿੱਚ ਸਾਰੇ ਗਿਲੇ-ਸ਼ਿਕਵੇ ਦੂਰ ਕਰ ਲਏ ਗਏ ਹਨ ਅਤੇ ਹੁਣ ਦੋਹਾਂ ਪਾਰਟੀਆਂ ਵਿਚਲੇ ਆਪਸੀ ਸੰਬੰਧ ਪਹਿਲਾਂ ਵਾਂਗ ਹੀ ਪਟੜੀ ਪੁਰ ਆ ਗਏ ਹਨ। ਇਸਦੇ ਬਾਅਦ ਇੱਕ ਪਾਸੇ ਤਾਂ ਇਹ ਸਵੀਕਾਰ ਕਰ ਲਿਆ ਗਿਆ ਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਸਰਪ੍ਰਸਤ ਸ. ਪ੍ਰਕਾਸ਼ ਸਿੰਘ ਬਾਦਲ ਵਲੋਂ ਨਹੁੰ-ਮਾਸ ਦੇ ਰੂਪ ਵਿੱਚ ਕਾਇਮ ਕੀਤੇ ਗਏ ਅਕਾਲੀ-ਭਾਜਪਾ ਸੰਬੰਧਾਂ ਵਿੱਚ ਹੁਣ ਕੋਈ ਤਰੇੜ ਨਹੀਂ ਰਹਿ ਗਈ ਅਤੇ ਦੂਜੇ ਪਾਸੇ ਇਹ ਵੀ ਮੰਨਿਆ ਜਾਣ ਲਗਾ ਕਿ ਭਵਿਖ ਵਿੱਚ ਹਰਿਆਣਾ ਦੀ ਵਿਧਾਨਸਭਾ ਅਤੇ ਲੋਕਸਭਾ ਦੀਆਂ ਚੋਣਾਂ ਦੋਵੇਂ (ਅਕਾਲੀ-ਭਾਜਪਾ) ਮਿਲਕੇ ਲੜਨਗੇ। ਇਸਦਾ ਇੱਕ ਕਾਰਣ ਤਾਂ ਇਹ ਮੰਨਿਆ ਗਿਆ ਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਹਰਿਆਣਾ ਵਿਧਾਨਸਭਾ ਦੀਆਂ ਪਿਛਲੀਆਂ ਆਮ ਚੋਣਾਂ ਭਾਜਪਾ ਨਾਲ ਆਪਣੇ ਗਠਜੋੜ ਨੂੰ ਅੰਗੂਠਾ ਵਿਖਾਂਦਿਆਂ ਚੌਟਾਲਾ ਪਰਿਵਾਰ ਦੀ ਜਿਸ ਪਾਰਟੀ (ਇਨੈਲੋ) ਨਾ ਮਿਲ ਕੇ ਲੜੀਆਂ ਸਨ, ਉਹ ਪਰਵਾਰ ਝਗੜਿਆਂ ਦਾ ਸ਼ਿਕਾਰ ਹੋ ਆਪਣੀ ਹੋਂਦ ਬਚਾਉਣ ਲਈ ਸੰਘਰਸ਼ ਕਰਨ ਤੇ ਮਜਬੂਰ ਹੋ ਗਈ ਹੋਈ ਹੈ। ਦੂਸਰਾ ਕਾਰਣ ਇਹ ਦਸਿਆ ਗਿਆ ਕਿ ਸ. ਸੁਖਬੀਰ ਸਿੰਘ ਬਾਦਲ ਵਲੋਂ ਚੌਟਾਲਾ ਪਰਿਵਾਰ ਦੀ ਪਾਰਟੀ (ਇਨੈਲੋ) ਦੇ ਨਾਲ ਮਿਲ ਕੇ ਅਤੇ ਆਪਣੇ (ਦਲ ਦੇ) ਚੋਣ ਨਿਸ਼ਾਨ 'ਤੇ ਵਿਧਾਨਸਭਾ ਚੋਣਾਂ ਲੜਨ ਦੇ ਕੀਤੇ ਗਏ ਦਾਅਵੇ ਦੀ ਉਸ ਸਮੇਂ ਹਵਾ ਨਿਕਲ ਗਈ, ਜਦੋਂ ਅਖੀਰਲੇ ਸਮੇਂ ਤਕ ਵੀ ਉਸਨੂੰ ਆਪਣੇ ਚੋਣ ਨਿਸ਼ਾਨ ਤੇ ਮੈਦਾਨ ਵਿੱਚ ਉਤਾਰਨ ਲਈ ਇੱਕ ਵੀ ਉਮੀਦਵਾਰ ਨਾ ਮਿਲ ਸਕਿਆ। ਆਖਿਰ ਉਨ੍ਹਾਂ ਨੂੰ ਆਪਣੀ ਗਲ ਰਖਣ ਲਈ ਸਹਿਯੋਗੀ ਪਾਰਟੀ, ਇਨੈਲੋ ਤੋਂ ਇੱਕ ਸਿੱਖ ਉਮੀਦਵਾਰ ਉਧਾਰ ਲੈਣਾ ਪਿਆ। ਇਸ ਸਥਿਤੀ ਨੂੰ ਵੇਖਦਿਆਂ ਹੋਇਆਂ ਹੀ ਇਹ ਮੰਨਿਆ ਜਾ ਰਿਹਾ ਸੀ ਕਿ ਸ. ਸੁਖਬੀਰ ਸਿੰਘ ਬਾਦਲ, ਆਪਣੇ ਪਿਛਲੇ ਤਜਰਬੇ ਦੇ ਚਲਦਿਆਂ ਇਸ ਵਾਰ ਉਹੀ ਗਲਤੀ ਦੁਹਰਾਣ ਤੋਂ ਸੰਕੋਚ ਕਰਨਗੇ'ਤੇ ਭਾਜਪਾ ਦੇ ਨਾਲ ਦਲ ਦੇ ਸੁਧਰੇ ਸੰਬੰਧਾਂ ਦਾ ਸਨਮਾਨ ਕਰਦਿਆਂ ਉਸੇ ਦੇ ਸਾਹਮਣੇ ਦਲ ਲਈ ਸੀਟਾਂ ਦੀ ਮੰਗ ਰਖਣਗੇ।

ਪ੍ਰੰਤੂ ਜਦੋਂ ਇਸਦੇ ਵਿਰੁੱਧ ਸ. ਸੁਖਬੀਰ ਸਿੰਘ ਬਾਦਲ ਨੇ ਹਰਿਆਣਾ ਵਿਧਾਨਸਭਾ ਅਤੇ ਲੋਕਸਭਾ ਚੋਣਾਂ ਲਈ ਰਣਨੀਤੀ ਬਣਾਉਣ ਲਈ ਤਿੰਨ ਮੈਂਬਰੀ ਕਮੇਟੀ ਦਾ ਗਠਨ ਕਰ ਬਾਦਲ ਅਕਾਲੀ ਦਲ ਵਲੋਂ ਆਪਣੇ ਬੂਤੇ ਚੋਣਾਂ ਲੜਨ ਅਤੇ ਪੰਜਾਬੀ ਬਹੁਲ ਇਲਾਕਿਆਂ ਤੋਂ ਦਸ-ਪੰਦ੍ਹਾਂ ਸੀਟਾਂ ਜਿੱਤ ਲੈਣ ਦਾ ਦਾਅਵਾ ਕਰ ਦਿੱਤਾ ਤਾਂ ਕਈ ਤਰ੍ਹਾਂ ਦੀਆਂ ਸ਼ੰਕਾਵਾਂ ਨੇ ਜਨਮ ਲੈ ਲਿਆ। ਕਿਸੇ ਨੇ ਕਿਹਾ ਕਿ ਸ. ਸੁਖਬੀਰ ਸਿੰਘ ਬਾਦਲ ਨੇ ਪਿਛਲੀਆਂ ਚੋਣਾਂ ਦੇ ਤਜਰਬੇ ਤੋਂ ਮਿਲੇ ਸਬਕ ਨੂੰ ਭੁਲਾ ਦਿੱਤਾ ਹੈ। ਕੋਈ ਇਹ ਕਹਿਣ ਤਕ ਚਲਾ ਗਿਆ ਕਿ ਉਹ (ਸੁਖਬੀਰ) ਭਾਜਪਾ-ਲੀਡਰਸ਼ਿਪ ਨੂੰ ਬਲੈਕਮੇਲ ਕਰ, ਉਸਤੋਂ ਆਪਣੀ ਮਰਜ਼ੀ ਦੀਆਂ ਸੀਟਾਂ ਲੈਣਾ ਚਾਹੁੰਦੇ ਹਨ। ਇੰਨ੍ਹਾਂ ਸ਼ੰਕਾਵਾਂ ਵਿੱਚ ਹੀ ਹਰਿਆਣਾ ਦੇ ਰਾਜਸੀ ਮਾਹਿਰਾਂ ਦਾ ਮੰਨਣਾ ਹੈ ਕਿ ਸ. ਸੁਖਬੀਰ ਸਿੰਘ ਬਾਦਲ ਇੱਕ ਅਜਿਹੀ ਸ਼ਤਰੰਜੀ ਚਾਲ ਚਲ ਰਹੇ ਹਨ, ਜੋ ਉਨ੍ਹਾਂ ਦੇ ਆਪਣੇ ਪੁਰ ਹੀ ਭਾਰੀ ਪੈ ਸਕਦੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਤਿਹਾਸ ਗੁਆਹ ਹੈ ਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਨੀਤੀ ਪੰਜਾਬ ਤੋਂ ਬਾਹਰ ਦੇ ਪੰਜਾਬੀਆਂ, ਵਿਸ਼ੇਸ਼ ਕਰਕੇ ਸਿੱਖਾਂ ਨੂੰ ਪੰਜਾਬ ਵਿੱਚ ਆਪਣੇ ਹਿਤਾਂ ਨੂੰ ਸੁਰਖਿਅਤ ਰਖਣ ਲਈ ਇਸਤੇਮਾਲ ਕਰਨ ਦੀ ਰਹੀ ਹੈ। ਉਸਦੇ ਮੁੱਖੀਆਂ ਨੇ ਸਦਾ ਹੀ ਹਰਿਆਣਾ ਦੇ ਪੰਜਾਬੀਆਂ, ਵਿਸ਼ੇਸ਼ ਰੂਪ ਵਿੱਚ ਸਿੱਖਾਂ ਪੁਰ ਇਹ ਦਬਾਉ ਬਣਾਈ ਰਖਿਆ ਹੈ ਕਿ ਉਹ ਪਾਣੀਆਂ ਦੀ ਵੰਡ, ਚੰਡੀਗੜ੍ਹ, ਪੰਜਾਬੀ ਭਾਸ਼ਾਈ ਇਲਾਕਿਆਂ ਆਦਿ ਦੇ ਮੁਦਿਆਂ 'ਤੇ ਪੰਜਾਬ ਦਾ ਪੱਖ ਲੈਣ। ਇਸਦੇ ਨਾਲ ਹੀ ਪੰਜਾਬ ਅਤੇ ਹਰਿਆਣਾ ਤੋਂ ਬਾਹਰ ਦੇ ਸਿੱਖਾਂ ਅਤੇ ਹੋਰ ਪੰਜਾਬੀਆਂ ਦੇ ਨਾਂ ਉਹ ਇੱਹ ਆਦੇਸ਼ ਜਾਰੀ ਕਰਦੇ ਰਹਿੰਦੇ ਹਨ ਕਿ ਉਹ ਪੰਜਾਬ ਵਿਚਲੇ ਉਨ੍ਹਾਂ ਦੇ ਹਿਤਾਂ ਨੂੰ ਮੁੱਖ ਰਖਦਿਆਂ, ਪੰਜਾਬ ਵਿਚਲੀ ਉਨ੍ਹਾਂ ਦੀ ਸਹਿਯੋਗੀ ਪਾਰਟੀ, ਭਾਜਪਾ ਦਾ ਸਾਥ ਦੇਣ। ਇਹ ਗਲ ਵਖਰੀ ਹੈ ਕਿ ਹਰਿਆਣਾ ਅਤੇ ਹੋਰ ਰਾਜਾਂ ਵਿੱਚ ਵਸਦੇ ਆਮ ਪੰਜਾਬੀਆਂ ਨੇ ਹੀ ਨਹੀਂ, ਸਗੋਂ ਆਮ ਕਰਕੇ ਸਿੱਖਾਂ ਨੇ ਵੀ ਬਾਦਲ ਅਕਾਲੀ ਦਲ ਦੇ ਮੁੱਖੀਆਂ ਦੇ ਆਦੇਸ਼ ਦਾ ਪਾਲਣ ਕਰਨ ਨਾਲੋਂ ਆਪਣੇ ਸਥਾਨਕ ਹਿਤਾਂ ਨੂੰ ਮੁਖ ਰਖਦਿਆਂ ਹੀ ਫੈਸਲੇ ਕੀਤੇ ਅਤੇ ਅਪਣੀ ਵਫਾਦਾਰੀ ਹਰਿਆਣਾ ਸਹਿਤ ਆਪੋ-ਆਪਣੇ ਰਾਜਾਂ ਪ੍ਰਤੀ ਕਾਇਮ ਰਖੀ ਤੇ ਸਥਾਨਕ ਹਿਤਾਂ ਅਨੁਸਾਰ ਆਪਣੇ ਫੈਸਲੇ ਆਪ ਹੀ ਕਰਦੇ ਆ ਰਹੇ ਹਨ।

ਸਰਨਾ ਭਰਾ ਆਪਣੀ ਸੋਚ ਬਦਲਣ: ਦਿੱਲੀ ਦੇ ਪ੍ਰਮੁਖ ਸਿੱਖ ਰਾਜਸੀ ਮੁੱਖੀਆਂ ਦੀ ਮਾਨਤਾ ਹੈ ਕਿ ਜੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਮੁੱਖੀਆਂ, ਸਰਨਾ-ਭਰਾਵਾਂ ਨੇ ਸਿੱਖ ਰਾਜਨੀਤੀ ਵਿੱਚ ਸਫਲ ਹੋਣਾ ਹੈ ਤਾਂ ਉਨ੍ਹਾਂ ਨੂੰ ਇੱਕ ਤਾਂ ਆਪਣੀ ਇਸ ਸੋਚ ਨੂੰ ਬਦਲਣਾ ਹੋਵੇਗਾ ਕਿ ਉਹ ਹੀ ਜੋ ਕੁਝ ਸੋਚਦੇ ਹਨ, ਉਹੀ ਠੀਕ ਹੁੰਦਾ ਹੈ। ਦੂਸਰਾ ਉਨ੍ਹਾਂ ਨੂੰ ਇਸ ਗਲ ਨੂੰ ਵੀ ਸਮਝਯਾ ਹੋਵੇਗਾ ਕਿ ਰਾਜਨੀਤੀ, ਖਾਸ ਕਰਕੇ ਸਿੱਖ ਰਾਜਨੀਤੀ ਕਦੀ ਸਮਝ, ਕੇਵਲ ਵੱਡੇ ਸਿੱਖ ਨੇਤਾਵਾਂ ਦੇ ਸੰਪਰਕ ਵਿੱਚ ਰਹਿਣ ਜਾਂ ਉਨ੍ਹਾਂ ਦੀ ਨੇੜਤਾ ਪ੍ਰਾਪਤ ਹੋਣ ਨਾਲ ਹੀ ਨਹੀਂ ਆਉਂਦੀ, ਇਸਦੇ ਲਈ ਆਮ ਵਰਕਰਾਂ ਕਦੇ ਨਾਲ ਸੰਪਰਕ ਬਣਾਈ ਰਖਣ ਦੀ ਲੋੜ ਹੁੰਦੀ ਹੈ। ਕਿਉਂਕਿ ਉਹੀ ਇੱਕ ਅਜਿਹੇ ਸ੍ਰੋਤ ਹੁੰਦੇ ਹਨ, ਜੋ ਆਮ ਲੋਕਾਂ ਵਿੱਚ ਰਹਿੰਦੇ ਹੋਏ, ਉਨ੍ਹਾਂ ਦੀ ਸੋਚ ਨੂੰ ਸਮਝਦੇ ਹਨ। ਇਨ੍ਹਾਂ ਮੁੱਖੀਆਂ ਦੇ ਅਨੁਸਾਰ ਹੀ ਸਰਨਾ-ਭਰਾਵਾਂ ਨੂੰ ਆਪਣੇ ਦਲ ਨੂੰ ਆਪਣੇ ਅਤੇ ਆਪਣੇ ਹੀ ਬਿਆਨਾਂ ਦੀ ਸੀਮਾ ਵਿੱਚ ਬੰਨ੍ਹੀ ਰਖਣ ਦੀ ਬਜਾਏ, ਸੀਮਾ ਤੋਂ ਬਾਹਰ ਕਰ ਦਲ ਦੇ ਹੋਰ ਮੁੱਖੀਆਂ ਨੂੰ ਵੀ ਅੱਗੇ ਕਰਨਾ ਚਾਹੀਦਾ ਹੈ, ਤਾਂ ਜੋ ਉਹ ਇਹੀ ਨਾ ਸਮਝਣੇ ਲਗਣ ਕਿ ਉਹ ਕੇਵਲ ਦਲ ਦੀਆਂ ਬੈਠਕਾਂ ਅਤੇ ਪ੍ਰੈਸ ਕਾਨਫ੍ਰੰਸਾਂ ਦੇ ਸ਼ਿੰਗਾਰ ਮਾਤ੍ਰ ਹੀ ਹਨ. ਵੈਸੇ ਦਲ ਵਿੱਚ ਉਨ੍ਹਾਂ ਕੋਈ ਹੈਸੀਅਤ ਨਹੀਂ। ਉਨ੍ਹਾਂ ਕੋਲ ਸ. ਇੰਦਰਮੋਹਨ ਸਿੰਘ, ਸ. ਤਰਸੇਮ ਸਿੰਘ, ਸ. ਭਜਨ ਸਿੰਘ ਵਾਲੀਆ, ਸ. ਕੁਲਵਿੰਦਰ ਸਿੰਘ, ਸ. ਮਨਜੀਤ ਸਿੰਘ ਸਰਨਾ, ਸ. ਜਸਮੀਤ ਸਿੰਘ, ਸ. ਭੁਪਿੰਦਰ ਸਿੰਘ ਭੁਪੀ ਆਦਿ ਦੇ ਨਾਲ ਯੂਥ ਅਤੇ ਮਹਿਲਾ ਵਿੰਗ ਦੇ ਮੁੱਖੀਆਂ ਦੀ ਚੰਗੀ ਸਮਰਪਿਤ ਟੀਮ ਹੈ। ਜਿਸ ਨਾਲ ਵਿਚਾਰ-ਵਟਾਂਦਰਾ ਕਰਦਿਆਂ ਉਸਨੂੰ ਸਰਗਰਮ ਰਖ ਪਾਰਟੀ ਲਈ ਮਜ਼ਬੂਤ ਅਧਾਰ ਤਿਆਰ ਕਰ ਸਕਦੇ ਹਨ। ਇਨ੍ਹਾਂ ਰਾਜਸੀ ਮੁੱਖੀਆਂ ਅਨੁਸਾਰ ਸਰਨਾ-ਭਰਾਵਾਂ ਨੂੰ ਇਹ ਗਲ ਵੀ ਸਮਝਣੀ ਹੋਵੇਗੀ ਕਿ ਕਾਰੋਬਾਰੀ ਸੰਸਥਾਵਾਂ ਅਤੇ ਧਾਰਮਕ ਸੰਸਥਾਵਾਂ ਦੇ ਪ੍ਰਬੰਧਕੀ ਢਾਂਚੇ ਅਤੇ ਉਨ੍ਹਾਂ ਦੀ ਸੰਚਾਲਣ ਨੀਤੀ ਇੱਕ ਸਮਾਨ ਨਹੀਂ ਹੁੰਦੀ। ਜੇ ਉਨ੍ਹਾਂ ਨੇ ਆਪਣੇ ਗੁਰਦੁਆਰਾ ਕਮੇਟੀ ਦੇ ਪ੍ਰਬੰਧਕੀ ਕਾਲ ਵਿੱਚ ਇਸ ਗਲ ਨੂੰ ਸੋਚ ਤੇ ਸਮਝ ਕੇ, ਪ੍ਰਬੰਧਕੀ ਨੀਤੀ ਅਪਨਾਈ ਹੁੰਦੀ ਤਾਂ ਲਗਭਗ 160 ਕਰੋੜ ਦੀ ਜੋ ਰਕਮ ਗੁਰਦੁਆਰਾ ਫੰਡ ਵਿੱਚ ਛੱਡ ਜਾਣ ਦਾ ਦਾਅਵਾ ਕਰਦੇ ਚਲੇ ਆ ਰਹੇ ਹਨ, ਜੇ ਉਸਨੂੰ ਬਚਾਣ ਦੀ ਬਜਾਏ, ਉਨ੍ਹਾਂ ਨੇ ਕਮੇਟੀ ਦੇ ਪ੍ਰਬੰਧ ਹੇਠਲੀਆਂ ਵਿਦਿਅਕ ਸੰਸਥਾਵਾਂ ਦੇ ਸਟਾਫ ਨੂੰ ਛੇਵੇਂ ਪੇ ਕਮਿਸ਼ਨ ਦੀਆਂ ਸਿਫਾਰਸ਼ਾਂ ਦੇ ਅਧਾਰ 'ਤੇ ਅਦਾਇਗੀ ਕਰ ਗਏ ਹੁੰਦੇ, ਇੱਕ ਤਾਂ ਸਟਾਫ ਸੰਤੁਸ਼ਟ ਰਹਿੰਦਾ, ਉਸਨੂੰ ਗੁਰਦੁਆਰਾ ਕਮੇਟੀ ਦੀਸ਼ਆਂ ਆਮ ਚੋਣਾਂ ਵਿੱਚ ਉਨ੍ਹਾਂ ਵਿਰੁਧ ਇਸਤੇਮਾਲ ਨਾ ਕੀਤਾ ਜਾ ਸਕਦਾ, ਦੂਸਰਾ ਇਹ ਪੈਸਾ ਘਪਲਿਆਂ (ਭ੍ਰਿਸ਼ਟਾਚਾਰ) ਦੀ ਭੇਂਟ ਚੜ੍ਹਨ ਦੀ ਬਜਾਏ ਸਕਾਰਥੇ ਵਰਤਿਆ ਜਾਂਦਾ।

...ਅਤੇ ਅੰਤ ਵਿੱਚ : ਜੇ ਸੱਚ ਸੁਣਿਆਂ ਅਤੇ ਸਵੀਕਾਰ ਕੀਤਾ ਜਾ ਸਕੇ ਤਾਂ ਸੱਚਾਈ ਇਹੀ ਹੈ ਕਿ ਕਿ ਇਸ ਪੈਸੇ ਦੇ ਭ੍ਰਿਸ਼ਟਾਚਾਰ ਦੀ ਭੇਂਟ ਚੜ੍ਹ, ਬਰਬਾਦ ਹੋ ਜਾਣ ਵਿੱਚ ਸਰਨਾ ਭਰਾ ਵੀ ਉਤਨੇ ਹੀ ਹਿਸੇਦਾਰ ਤੇ ਜ਼ਿਮੇਂਦਾਰ ਹਨ, ਜਿਤਨੇ ਕਿ ਇਸਨੂੰ ਭ੍ਰਿਸ਼ਾਟਾਚਾਰ ਦੀ ਭੇਂਟ ਚਾੜ੍ਹ, ਬਰਬਾਦ ਕਰ ਦੇਣ ਵਾਲੇ।

91 95 82 71 98 90
E-mail : jaswantsinghajit@gmail.com

Dr. Randhawa Dentistry
Your own dentist who really cares for you



We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!



NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

Mayfield Rd
Mcvean Dr
Gore Rd
DENTISTRY
Squire Ellis Dr
Countryside Dr

NEED A LAWYER ??
KAUR LAW OFFICE

Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



# ਖ਼ਬਰਾਂ ਪੰਜਾਬ ਦੀਆਂ



## ਜਦੋਂ ਰਾਣਾ ਗੁਰਜੀਤ ਅਤੇ ਹੋਰ ਆਪਣਿਆਂ ਨੇ ਅਮਰਿੰਦਰ ਸਰਕਾਰ ਝੰਬੀ

ਚੰਡੀਗੜ੍ਹ, 14 ਫਰਵਰੀ (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਦੇ ਦੂਸਰੇ ਦਿਨ ਬੁੱਧਵਾਰ ਨੂੰ ਪ੍ਰਸ਼ਨ-ਉੱਤਰ ਦੇ ਸਮੇਂ ਦੌਰਾਨ ਵਿਰੋਧੀ ਧਿਰ ਦੇ ਨਾਲ ਸੱਤਾਧਾਰੀ ਕਾਂਗਰਸੀ ਵਿਧਾਇਕਾਂ ਨੇ ਵੀ ਸਰਕਾਰ ਨੂੰ ਘੇਰਿਆ।



ਸਾਬਕਾ ਮੰਤਰੀ ਅਤੇ ਕਪੂਰਥਲਾ ਤੋਂ ਕਾਂਗਰਸੀ ਵਿਧਾਇਕ ਰਾਣਾ ਗੁਰਜੀਤ ਸਿੰਘ ਨੇ ਇਥੋਂ ਤੱਕ ਵੀ ਕਹਿ ਦਿੱਤਾ ਕਿ ਪੰਜਾਬ ਸਰਕਾਰ ਦੋਆਬਾ ਇਲਾਕੇ ਨਾਲ ਮਤਰੇਆ ਵਿਹਾਰ ਕਰਦੀ ਹੈ। ਉਨ੍ਹਾਂ ਨੇ ਇਹ ਟਿੱਪਣੀ ਓਦੋਂ ਕੀਤੀ, ਜਦੋਂ ਲੋਕ ਨਿਰਮਾਣ ਮੰਤਰੀ ਵਿਜੇ ਇੰਦਰ ਸਿੰਗਲਾ ਅਕਾਲੀ ਵਿਧਾਇਕ ਗੁਰਪ੍ਰਤਾਪ ਸਿੰਘ ਬਡਾਲਾ ਦੇ ਉਸ ਸਵਾਲ ਦਾ ਜਵਾਬ ਦੇ ਰਹੇ ਸਨ ਕਿ ਫਿਲੌਰ ਕਪੂਰਥਲਾ ਸੜਕ ਨੂੰ ਚੌੜਾ ਕਰਨ ਦਾ ਵਿਚਾਰ ਹੈ ਜਾਂ ਨਹੀਂ। ਜਵਾਬ ਵਿੱਚ ਜਦੋਂ ਮੰਤਰੀ ਨੇ ਕਿਹਾ ਕਿ ਇਸ ਸੜਕ ਨੂੰ ਚੌੜਾ ਕਰਨ ਦਾ ਕੋਈ ਪ੍ਰਸਤਵ ਨਹੀਂ, ਪਰ ਫਿਲੌਰ-ਨਕੋਦਰ-ਕਪੂਰਥਲਾ ਦੀ 66.20 ਕਿਲੋਮੀਟਰ ਸੜਕ ਦੇ 17.71 ਕਿਲੋਮੀਟਰ ਹਿੱਸੇ ਦੀ ਮੁਰੰਮਤ ਦਾ ਕੰਮ ਦੋ ਅਗਸਤ ਤੱਕ ਪੂਰਾ ਹੋ ਜਾਵੇਗਾ। ਪੂਰੀ ਸੜਕ ਦੀ ਮੁਰੰਮਤ ਅਤੇ ਚੌੜਾਈ ਵਧਾਉਣ ਲਈ ਬਡਾਲਾ ਦੀ ਮੰਗ ਨੂੰ ਨਕਾਰੇ ਜਾਣ ਮਗਰੋਂ ਰਾਣਾ ਗੁਰਜੀਤ ਸਿੰਘ ਨੇ ਇਹ ਟਿੱਪਣੀ ਕੀਤੀ।

ਇਸ ਤੋਂ ਬਾਅਦ ਕਾਂਗਰਸੀ ਵਿਧਾਇਕ ਰਣਦੀਪ ਸਿੰਘ ਨਾਭਾ ਨੇ ਉਦਯੋਗ ਤੇ ਵਣਜ ਮੰਤਰੀ ਸੁੰਦਰ ਸ਼ਾਮ ਅਰੋੜਾ ਨੂੰ ਓਦੋਂ ਘੇਰਨ ਦੀ ਕੋਸ਼ਿਸ਼ ਕੀਤੀ, ਜਦੋਂ ਉਨ੍ਹਾਂ ਨੇ ਮੰਡੀ ਗੋਬਿੰਦਗੜ੍ਹ 'ਚ ਸਟੀਲ ਚੈਂਬਰ ਅਤੇ ਆਈ ਟੀ ਆਈ ਬਣਾਉਣ ਦੇ ਐਲਾਨ ਦੇ ਨਾਲ 15 ਕਰੋੜ ਦੀ ਮਨਜ਼ੂਰੀ ਦੀ ਗੱਲ ਕਹੀ। ਵਿਧਾਇਕ ਰਣਦੀਪ ਸਿੰਘ ਨਾਭਾ ਨੇ ਕਿਹਾ ਕਿ ਫਿਰ ਰਕਮ ਜਾਰੀ ਕਿਉਂ ਨਹੀਂ ਹੋ ਰਹੀ? ਸੁੰਦਰ ਸ਼ਾਮ ਅਰੋੜਾ ਨੇ ਦਲੀਲ ਦਿੱਤੀ ਕਿ ਇਸ ਸੰਬੰਧੀ ਮੰਡੀ ਗੋਬਿੰਦਗੜ੍ਹ ਚੈਂਬਰ ਆਫ ਕਾਮਰਸ ਐਂਡ ਇੰਡਸਟਰੀ ਦਾ ਪ੍ਰਸਤਾਵ ਮਿਲਣ ਪਿੱਛੋਂ ਇਹ ਰਾਸ਼ੀ ਜਾਰੀ ਕਰ ਦਿੱਤੀ ਜਾਵੇਗੀ, ਪਰ ਨਾਭਾ ਇਹ ਜਾਨਣ ਲਈ ਅੜ ਗਏ ਕਿ ਫਿਰ ਐਲਾਨ ਕਿਉਂ ਕੀਤਾ ਸੀ। ਨਾਭਾ ਨੇ ਕਿਹਾ ਕਿ ਉਹ ਜਾਨਣਾ ਚਾਹੁੰਦੇ ਹਨ ਕਿ ਸਟੀਲ ਚੈਂਬਰ ਕਦੋਂ ਤੱਕ ਸਥਾਪਤ ਹੋ ਜਾਵੇਗਾ। ਆਖਰ ਅਰੋੜਾ ਨੇ ਭਰੋਸਾ ਦਿੱਤਾ ਕਿ ਇਸ ਸੰਬੰਧੀ ਪ੍ਰਸਤਾਵ ਮਿਲਣ ਤੋਂ ਛੇ ਮਹੀਨਿਆਂ ਦੇ ਅੰਦਰ ਸਟੀਲ ਚੈਂਬਰ ਦੀ ਸਥਾਪਨਾ ਕਰ ਦਿੱਤੀ ਜਾਵੇਗੀ।

## ਪਲਾਟ ਨਾ ਦੇਣ ਕਾਰਨ ਇੰਪਰੂਵਮੈਂਟ ਟਰੱਸਟ ਨੂੰ 39 ਲੱਖ ਰੁਪਏ ਦੇਣੇ ਪੈਣਗੇ

ਜਲੰਧਰ, 14 ਫਰਵਰੀ (ਪੋਸਟ ਬਿਊਰੋ)- ਨੈਸ਼ਨਲ ਕੰਜ਼ਿਊਮਰ ਫੋਰਮ ਨੇ ਤੈਅ ਸਮੇਂ ਵਿੱਚ ਪਲਾਟ ਦਾ ਕਬਜ਼ਾ ਨਾ ਦੇਣ 'ਤੇ ਅਲਾਟੀ ਪੂਜਾ ਗਰਗ ਨੂੰ 38.99 ਲੱਖ ਰੁਪਏ ਦੇਣ ਦੇ ਹੁਕਮ ਦਿੱਤੇ ਹਨ। ਟਰੱਸਟ ਪਹਿਲਾਂ ਹੀ ਕੰਗਾਲੀ ਵਿੱਚ ਹੈ ਅਤੇ ਇਸ ਨਾਲ ਟਰੱਸਟ ਦੇ ਲਈ ਹੋਰ ਮੁਸੀਬਤ ਖੜ੍ਹੀ ਹੋ ਗਈ ਹੈ। ਫੋਰਮ ਨੇ ਇਹ ਵੀ ਹੁਕਮ ਦਿੱਤੇ ਹਨ ਕਿ ਟਰੱਸਟ ਅਲਾਟੀ ਨੂੰ ਮਾਨਸਿਕ ਪ੍ਰੇਸ਼ਾਨੀ ਲਈ ਤਿੰਨ ਲੱਖ ਮੁਆਵਜ਼ਾ ਤੇ ਲੀਗਲ ਖਰਚ ਦੇ ਲਈ 20 ਹਜ਼ਾਰ ਦਾ ਭੁਗਤਾਨ ਕਰੇਗਾ। ਭੁਗਤਾਨ ਚਾਰ ਹਫਤਿਆਂ ਵੱਚ ਕਰਨਾ ਪਵੇਗਾ। ਸੂਰਿਆ ਇਨਕਲੇਵ ਐਕਸਟੈਂਸ਼ਨ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਮਨੋਹਰ ਲਾਲ ਸਹਿਗਲ ਮੁਤਾਬਕ ਸੰਗਰੂਰ ਦੀ ਰਹਿਣ ਵਾਲੀ ਪੂਜਾ ਗਰਗ ਨੇ ਇੰਪਰੂਵਮੈਂਟ ਟਰੱਸਟ ਦੀ ਸੂਰਿਆ ਇਨਕਲੇਵ ਐਕਸਟੈਂਸ਼ਨ ਵਿੱਚ ਡੀ-ਬਲਾਕ ਵਿੱਚ 200 ਗਜ ਦਾ ਪਲਾਟ ਖਰੀਦਿਆ ਸੀ। ਪੂਰਾ ਭੁਗਤਾਨ ਕਰਨ ਦੇ ਬਾਵਜੂਦ ਤੈਅ ਸਮੇਂ ਵਿੱਚ ਪਲਾਟ ਦਾ ਕਬਜ਼ਾ ਨਹੀਂ ਮਿਲਿਆ। ਪੂਜਾ ਗਰਗ ਨੇ ਸ਼ਿਕਾਇਤ ਵਿੱਚ ਕਿਹਾ ਸੀ ਕਿ ਟਰੱਸਟ ਨੇ ਚਾਰ ਸਾਲ ਪਿੱਛੋਂ 2015 ਵਿੱਚ ਜਿਸ ਜਗ੍ਹਾ ਪਲਾਟ ਅਲਾਟ ਕੀਤੇ, ਉਥੇ ਕਿਸਾਨਾਂ ਦਾ ਕਬਜ਼ਾ ਹੈ ਅਤੇ ਸੜਕ, ਵਾਟਰ ਸਪਲਾਈ, ਸੀਵਰੇਜ, ਸਟਰੀਟ ਲਾਈਟ ਸਹੂਲਤਾਂ ਨਹੀਂ ਹਨ। ਪੂਜਾ ਗਰਗ ਨੇ ਜ਼ਿਲ੍ਹਾ ਕੰਜਿਊਮਰ ਕੋਰਟ ਵਿੱਚ ਕੇਸ ਜਿੱਤਿਆ ਅਤੇ ਸਟੇਟ ਕੋਰਟ ਵਿੱਚ ਵੀ ਸਫਲ ਰਹੀ। ਟਰੱਸਟ ਨੇ ਨੈਸ਼ਨਲ ਕੰਜ਼ਿਊਮਰ ਕੋਰਟ ਵਿੱਚ ਅਪੀਲ ਕੀਤੀ ਸੀ, ਪ੍ਰੰਤੂ ਇਥੇ ਵੀ ਟਰੱਸਟ ਦੇ ਖਿਲਾਫ ਹੀ ਫੈਸਲਾ ਹੋਇਆ।

## ਹਾਈ ਕੋਰਟ ਦੀ ਫਟਕਾਰ ਮਗਰੋਂ ਅਫਸਰ ਕੀਤੇ ਚਾਰਜਸ਼ੀਟ, ਕੇਸ ਦਰਜ

ਚੰਡੀਗੜ੍ਹ, 14 ਫਰਵਰੀ (ਪੋਸਟ ਬਿਊਰੋ)- ਫਾਜ਼ਿਲਕਾ ਵਿੱਚ ਮਰੇ ਹੋਏ ਲੋਕਾਂ ਨੂੰ ਮਨਰੇਗਾ ਦੇ ਮਜ਼ਦੂਰੀ ਕਾਰਡ ਜਾਰੀ ਕਰ ਦੇਣ ਦੇ ਕੇਸ ਵਿੱਚ ਪੰਜਾਬ ਹਰਿਆਣਾ ਹਾਈ ਕੋਰਟ ਤੋਂ ਫਟਕਾਰ ਪੈਣ ਪਿੱਛੋਂ ਪੰਜਾਬ ਸਰਕਾਰ ਨੇ ਦੋਸ਼ੀ ਅਫਸਰਾਂ ਨੂੰ ਚਾਰਜਸ਼ੀਟ ਕਰ ਕੇ ਇਸ ਬਾਰੇ ਕੇਸ ਦਰਜ ਕਰਵਾ ਦਿਤਾ ਹੈ। ਇਹ ਸੂਚਨਾ ਹਾਈ ਕੋਰਟ ਨੂੰ ਪੰਜਾਬ ਸਰਕਾਰ ਨੇ ਦਿੱਤੀ ਹੈ। ਹਾਈ ਕੋਰਟ ਨੇ ਅਗਲੀ ਸੁਣਵਾਈ ਵੇਲੇ ਕੇਸ ਦੀ ਕਾਪੀ ਪੇਸ਼ ਕਰਨ ਦੇ ਹੁਕਮ ਦਿੱਤੇ ਹਨ।

ਵਰਨਣ ਯੋਗ ਹੈ ਕਿ ਵੱਖ-ਵੱਖ ਅਖਬਾਰਾਂ ਵਿੱਚ ਇਕ ਖਬਰ ਛਪੀ ਸੀ ਕਿ ਫਾਜ਼ਿਲਕਾ ਵਿੱਚ ਮਨਰੇਗਾ ਬਾਰੇ ਵੱਡੇ ਪੱਧਰ 'ਤੇ ਫਰਾਡ ਹੋ ਰਿਹਾ ਹੈ ਅਤੇ ਅਧਿਕਾਰੀ ਮਿਲੀਭੁਗਤ ਕਰਕੇ ਮ੍ਰਿਤਕਾਂ ਤੇ ਅਜਿਹੇ ਲੋਕਾਂ ਦੇ ਨਾਮ ਮਜ਼ਦੂਰੀ ਦੇ ਪੈਸੇ ਜਾਰੀ ਕਰ ਰਹੇ ਹਨ, ਜਿਨ੍ਹਾਂ ਦੀ ਹੋਂਦ ਹੀ ਨਹੀਂ ਹੈ। ਰੌਲਾ ਪੈਣ ਪਿੱਛੋਂ ਪੰਜਾਬ ਹਰਿਆਣਾ ਹਾਈ ਕੋਰਟ ਨੇ ਇਸ ਦਾ ਨੋਟਿਸ ਲੈ ਕੇ ਸੁਣਵਾਈ ਸ਼ੁਰੂ ਕੀਤੀ ਸੀ ਅਤੇ ਪੰਜਾਬ ਸਰਕਾਰ ਤੋਂ ਇਸ ਦਾ ਜਵਾਬ ਤਲਬ ਕੀਤਾ ਸੀ। ਇਸ ਪਿੱਛੋਂ ਹਾਈ ਕੋਰਟ ਦੇ ਸਖਤ ਰਵੱਈਏ ਕਾਰਨ ਜਦ ਕੇਸ ਕੱਲ੍ਹ ਸੁਣਵਾਈ ਲਈ ਪੁੱਜਾ ਤਾਂ ਹਾਈ ਕੋਰਟ ਨੂੰ ਦੱਸਿਆ ਗਿਆ ਕਿ ਇਸ ਮਾਮਲੇ ਵਿੱਚ ਬੀ ਡੀ ਪੀ ਓ ਅਤੇ ਹੋਰ ਅਧਿਕਾਰੀਆਂ ਦੇ ਖਿਲਾਫ ਚਾਰਜਸ਼ੀਟ ਤਿਆਰ ਕਰ ਲਈ ਅਤੇ 11 ਫਰਵਰੀ ਨੂੰ ਇਕ ਕੇਸ ਦਰਜ ਕੀਤਾ ਗਿਆ ਹੈ ਅਤੇ ਪੁਲਸ ਦੇ ਪੱਧਰ 'ਤੇ ਇਸ ਦੀ ਜਾਂਚ ਕੀਤੀ ਜਾ ਰਹੀ ਹੈ।

## ਪੰਜਾਬ ਵਿਧਾਨ ਸਭਾ ਵਿੱਚ ਕਰਜ਼ਾ ਮੁਆਫੀ ਤੇ ਕਰਤਾਰਪੁਰ ਲਾਂਘੇ ਦੀ ਗੂੰਜ ਪਈ

ਚੰਡੀਗੜ੍ਹ, 14 ਫਰਵਰੀ (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਵਿੱਚ ਗਵਰਨਰ ਦੇ ਭਾਸ਼ਣ ਉੱਤੇ ਧੰਨਵਾਦ ਦੇ ਮਤੇ 'ਤੇ ਬਹਿਸ ਵਿੱਚ ਹਿੱਸਾ ਲੈਂਦੇ ਹੋਏ ਕਾਂਗਰਸ ਪਾਰਟੀ ਨੇ ਇਸ ਨੂੰ ਦੋ ਸਾਲ ਦਾ ਕਾਰਜਕਾਲ ਬਿਹਤਰ ਕੰਮਕਾਜ ਆਖਿਆ, ਪਰ ਵਿਰੋਧੀ ਧਿਰ ਨੇ ਇਸ ਸਾਰੇ ਭਾਸ਼ਣ ਨੂੰ ਝੂਠ ਦਾ ਪੁਲੰਦਾ ਕਰਾਰ ਦੇ ਕੇ ਇਸ ਨੂੰ ਰੱਦ ਕਰ ਦਿੱਤਾ।



ਕਾਂਗਰਸ ਦੇ ਵਿਧਾਇਕ ਵਿਧਾਇਕ ਰਾਜ ਕੁਮਾਰ ਵੇਰਕਾ ਨੇ ਬਹਿਸ ਵਿੱਚ ਹਿੱਸਾ ਲੈਂਦਿਆਂ ਕਿਹਾ ਕਿ ਬੇਅਦਬੀ ਤੇ ਗੋਲੀਕਾਂਡ ਵਰਗੇ ਸ਼ਰਮਨਾਕ ਕੰਮ ਕਰਨ ਪਿੱਛੋਂ ਗੁਰੂ ਘਰ ਵਿੱਚ ਜਾ ਕੇ ਬਾਦਲ ਪਰਵਾਰ ਦੇ ਲੋਕ ਕਿਸ ਗੱਲ ਦੀ ਮੁਆਫੀ ਮੰਗ ਰਹੇ ਸਨ। ਕੀ ਉਹ ਮੰਨਦੇ ਹਨ ਕਿ ਗਲਤੀ ਹੋਈ ਤਾਂ ਕਿਵੇਂ ਹੋਈ। ਰਾਜ ਕੁਮਾਰ ਨੇ ਕਰਤਾਰਪੁਰ ਲਾਂਘਾ ਬਣਾਉਣ ਦੇ ਲਈ ਨਵਜੋਤ ਸਿੰਘ ਸਿੱਧੂ ਅਤੇ ਕੈਪਟਨ ਅਮਰਿੰਦਰ ਸਿੰਘ ਦੀ ਤਾਰੀਫ ਕਰਦੇ ਹੋਏ ਇਸ ਨੂੰ ਨਾਨਕ ਨਾਮਲੇਵਾ ਸੰਗਤ ਦੇ ਲਈ ਵੱਡੀ ਖੁਸ਼ਖਬਰੀ ਕਿਹਾ। ਉਨ੍ਹਾਂ ਕਿਹਾ ਕਿ ਨਵਜੋਤ ਸਿੰਘ ਸਿੱਧੂ ਜੇ ਪਾਕਿਸਤਾਨ ਗਏ ਤਾਂ ਅਕਾਲੀ-ਭਾਜਪਾ ਨੇ ਉਨ੍ਹਾਂ ਨੂੰ ਗੱਦਾਰ ਕਿਹਾ, ਪਰ ਸਿੱਧੂ ਨੂੰ ਉਥੇ ਸਨਮਾਨ ਮਿਲਿਆ। ਉਨ੍ਹਾਂ ਇਹ ਵੀ ਕਿਹਾ ਕਿ ਅਕਾਲੀ ਦਲ ਦੇ ਆਗੂ ਕਿਹੜੇ ਮੂੰਹ ਨਾਲ ਕਿਸਾਨ ਕਰਜ਼ਾ ਮੁਆਫੀ ਦਾ ਹਿਸਾਬ ਮੰਗਦੇ ਹਨ, ਜਿਨ੍ਹਾਂ ਨੇ ਕਿਸਾਨਾਂ ਦਾ ਇੱਕ ਰੁਪਿਆ ਕਦੇ ਮੁਆਫ ਨਹੀਂ ਕੀਤਾ।

ਹਲਕਾ ਪੱਟੀ ਤੋਂ ਕਾਂਗਰਸ ਵਿਧਾਇਕ ਹਰਮਿੰਦਰ ਸਿੰਘ ਗਿੱਲ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਦਾਅਵਾ ਬੜਾ ਕਰਦੇ ਸਨ ਕਿ ਪੰਜਾਬ ਵਿੱਚ ਨਸ਼ਾ ਨਹੀਂ ਹੈ, ਇਹ ਪੰਜਾਬ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਹੈ ਅਤੇ ਨਾਂਅ ਕਿਸ ਦੇ ਆਏ ਇਹ ਸਾਰਿਆਂ ਨੂੰ ਪਤਾ ਹੈ। ਉਨ੍ਹਾਂ ਕਿਹਾ ਕਿ ਦੋ ਸਾਲ ਵਿੱਚ ਕਿਸੇ ਕਾਂਗਰਸੀ ਨੇਤਾ ਨੇ ਕਿਸੇ ਤਸਕਰ ਦੀ ਨਾ ਮਦਦ ਕੀਤੀ ਅਤੇ ਨਾ ਕਿਸੇ ਦਾ ਨਾਂਅ ਇਸ ਵਿੱਚ ਆਇਆ। ਉਨ੍ਹਾਂ ਨੇ ਕਿਹਾ ਕਿ ਗੁਰੂ ਕੇ ਲੰਗਰ ਉੱਤੇ ਜੀ ਐੱਸ ਟੀ ਟੈਕਸ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮੁਆਫ ਕੀਤਾ ਤਾਂ ਅਕਾਲੀ ਅਗੂ ਦਿੱਲੀ ਨੂੰ ਦੌੜੇ, ਪਰ ਕੇਂਦਰ ਸਰਕਾਰ ਨੇ ਜੀ ਐੱਸ ਟੀ ਮੁਆਫ ਕਰਨ ਦੀ ਥਾਂ ਕਿਹਾ ਕਿ ਪਹਿਲਾਂ ਅਦਾ ਕਰੋ, ਬਾਅਦ ਵਿੱਚ ਉਹ ਰੀ-ਇੰਬਰਸਮੈਂਟ ਕਰਨਗੇ। ਉਨ੍ਹਾਂ ਚੁਟਕੀ ਲਈ ਕਿ ਇੱਕ ਅਕਾਲੀ ਨੇਤਾ ਇੱਕ ਕਿਸਾਨ ਦਾ ਕਰਜ਼ਾ ਆਪਣੇ ਕੋਲੋਂ ਮੁਆਫ ਕਰ ਕੇ ਫੋਟੋ ਖਿਚਵਾ ਰਿਹਾ ਹੈ, ਅਕਾਲੀ ਦਲ ਦਾ ਆਗੂ ਦਿਆਲ ਸਿੰਘ ਕੋਲਿਆਂਵਾਲੀ ਤੀਹ ਲੱਖ ਦਾ ਡਿਫਾਲਟਰ ਹੈ, ਉਸ ਦਾ ਪੈਸਾ ਵੀ ਜਮ੍ਹਾ ਕਰਵਾ ਦਿਓ।

ਅਕਾਲੀ ਦਲ ਦੇ ਪਵਨ ਕੁਮਾਰ ਟੀਨੂੰ ਨੇ ਨੇ ਕਿਹਾ ਕਿ ਗਵਰਨਰ ਵੱਲੋਂ ਪੜ੍ਹੇ ਗਏ ਪੰਜਾਬ ਸਰਕਾਰ ਦੇ ਭਾਸ਼ਣ ਦੇ ਵਿੱਚ ਨੱਬੇ ਫੀਸਦੀ ਗੱਲਾਂ ਜ਼ਮੀਨ 'ਤੇ ਦਿਖਾਈ ਹੀ ਨਹੀਂ ਦਿੰਦੀਆਂ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਲੜਕੀਆਂ ਨੂੰ ਪੀ ਐਚ ਡੀ ਤੱਕ ਫੀਸ ਮੁਆਫ ਕਰਨ ਦਾ ਵਾਅਦਾ ਕੀਤਾ ਸੀ, ਪਰ ਇਹ ਫੀਸ ਵਸੂਲੀ ਜਾ ਰਹੀ ਹੈ। 12 ਲੱਖ ਸਕੂਲੀ ਬੱਚਿਆਂ ਨੂੰ ਸਰਦੀਆਂ ਵਿੱਚ ਵਰਦੀ ਨਹੀਂ ਮਿਲ ਸਕੀ। ਵਿਦਿਆਰਥੀਆਂ ਨੂੰ ਫਰੀ ਬਸ ਪਾਸ ਦੇਣੇ ਸਨ, ਪਰ ਅੱਜ ਤੱਕ ਨਹੀਂ ਦਿੱਤੇ। ਅਕਾਲੀ ਦਲ ਨੇ ਬੱਚਿਆਂ ਨੂੰ ਸਾਈਕਲ ਦਿੱਤੇ ਸਨ, ਪ੍ਰੰਤੂ ਇਸ ਸਰਕਾਰ ਨੇ ਸਾਈਕਲ ਵੀ ਨਹੀਂ ਦਿੱਤੇ। ਉਨ੍ਹਾਂ ਨੇ ਸਦਨ ਨੂੰ ਪੁੱਛਿਆ ਕਿ ਸਕਾਲਰਸ਼ਿਪ ਦੀ ਮਦ ਵਿੱਚ 400 ਕਰੋੜ ਰੁਪਏ ਦੇ ਘਪਲੇ ਬਾਰੇ ਨਿੱਜੀ ਕਾਲਜਾਂ ਬਾਰੇ ਆਡਿਟ ਰਿਪੋਰਟ ਕਿਉਂ ਨਹੀਂ ਸਦਨ ਵਿੱਚ ਰੱਖੀ ਗਈ।

## ਨੂੰਹ ਨੂੰ ਮਾਰ ਕੇ ਸਹੁਰੇ ਪਰਵਾਰ ਨੇ ਤੂੜੀ ਵਾਲੇ ਕੋਠੇ ਵਿੱਚ ਦੱਬਿਆ

ਲਹਿਰਾਗਾਗਾ, 14 ਫਰਵਰੀ (ਪੋਸਟ ਬਿਊਰੋ)- ਨੇੜਲੇ ਪਿੰਡ ਨੰਗਲਾ ਵਿਖੇ ਇੱਕ ਔਰਤ ਨੂੰ ਉਸ ਦੇ ਸਹੁਰਿਆਂ ਨੇ ਮਾਰ ਕੇ ਤੂੜੀ ਵਾਲੇ ਕੋਠੇ ਵਿੱਚ ਦਬ ਦਿੱਤਾ ਸੀ। ਉਸ ਦੀ ਗਲੀ ਸੜੀ ਲਾਸ਼ ਕੱਲ੍ਹ ਪੁਲਸ ਨੇ ਬਰਾਮਦ ਕਰ ਲਈ ਹੈ। ਥਾਣਾ ਲਹਿਰਾ ਸਦਰ ਦੇ ਮੁਖੀ ਇੰਸਪੈਕਟਰ ਡਾਕਟਰ ਜਗਬੀਰ ਸਿੰਘ ਨੇ ਦੱਸਿਆ ਕਿ ਪਿੰਡ ਭੁਟਾਲ ਕਲਾਂ ਥਾਣਾ ਲਹਿਰਾ ਦੀ ਲੜਕੀ ਸੁਖਦੀਪ ਕੌਰ ਪੁੱਤਰੀ ਦਰਸ਼ਨ ਸਿੰਘ, ਪਿੰਡ ਨੰਗਲਾ ਦੇ ਲਵਪ੍ਰੀਤ ਸਿੰਘ ਪੁੱਤਰ ਕਰਮਜੀਤ ਸਿੰਘ ਨਾਲ ਤਿੰਨ ਸਾਲ ਪਹਿਲਾਂ ਵਿਆਹੀ ਸੀ, ਕੋਲ 18 ਮਹੀਨਿਆਂ ਦਾ ਇੱਕ ਪੁੱਤਰ ਵੀ ਸੀ। ਸਹੁਰਿਆਂ ਨੇ ਸੁਖਦੀਪ ਕੌਰ ਦੇ ਤਾਰ ਪਾ ਕੇ ਗਲਾ ਘੁੱਟ ਕੇ ਮਾਰ ਦਿੱਤਾ ਅਤੇ ਲਾਸ਼ ਆਪਣੇ ਘਰ ਵਿੱਚ ਤੂੜੀ ਵਾਲੇ ਕੋਠੇ ਵਿੱਚ ਦੱਬ ਦਿੱਤੀ, ਜਿਸ ਨੂੰ ਕੱਲ੍ਹ ਡੀ ਐਸ ਪੀ ਮੂਣਕ ਅਜੈਪਾਲ ਸਿੰਘ,



ਇੰਸਪੈਕਟਰ ਡਾਕਟਰ ਜਗਬੀਰ ਸਿੰਘ ਨੇ ਡਿਊਟੀ ਮੈਜਿਸਟਰੇਟ ਤਹਿਸੀਲਦਾਰ ਲਹਿਰਾ ਸੁਰਿੰਦਰ ਸਿੰਘ ਦੀ ਹਾਜ਼ਰੀ ਵਿੱਚ ਬਰਾਮਦ ਕੀਤਾ ਹੈ। ਲੜਕੀ ਦੇ ਭਰਾ ਗੁਰਸੇਵਕ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਭੁਟਾਲ ਕਲਾਂ ਦੇ ਬਿਆਨਾਂ ਉੱਤੇ ਥਾਣਾ ਲਹਿਰਾ ਵਿਖੇ ਮ੍ਰਿਤਕਾ ਦੇ ਪਤੀ ਲਵਪ੍ਰੀਤ ਸਿੰਘ ਉਰਫ ਸੋਨੀ, ਸਹੁਰਾ ਕਰਮਜੀਤ ਸਿੰਘ ਅਤੇ ਸੱਸ ਸਤਵੀਰ ਕੌਰ ਵਿਰੁੱਧ ਧਾਰਾ 302, 120 ਬੀ ਦਾ ਕੇਸ ਦਰਜ ਕਰ ਕੇ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਹੈ।

## ਯੂਨੀਵਰਸਿਟੀ ਮਾਮਲੇ ਵਿੱਚ ਐਸ ਐਸ ਪੀ ਨੂੰ ਨੋਟਿਸ ਕੱਢਿਆ

ਪਟਿਆਲਾ, 14 ਫਰਵਰੀ (ਪੋਸਟ ਬਿਊਰੋ)- ਪੰਜਾਬੀ ਯੂਨੀਵਰਸਿਟੀ ਦੇ ਕੁਝ ਅਫਸਰਾਂ ਦੀ ਲਾਪਰਵਾਹੀ ਕਾਰਨ ਆਪਣੇ ਮੁਲਾਜ਼ਮ ਦੀ ਨੌਕਰੀ ਦੀ ਚਾਰ ਸਾਲ ਖਤਮ ਕਰਨ ਦਾ ਮੁੱਦਾ ਤੂਲ ਫੜ ਗਿਆ ਹੈ। ਅਨੁਸੂਚਿਤ ਜਾਤੀ ਬਾਰੇ ਕਮਿਸ਼ਨ ਨੇ ਕਾਰਵਾਈ ਕਰਕੇ 15 ਦਿਨਾਂ ਵਿੱਚ ਰਿਪੋਰਟ ਪੇਸ਼ ਕਰਨ ਦੇ ਹੁਕਮ ਦਿੱਤੇ ਹਨ।

ਇਸ ਬਾਰੇ ਹਰਮਿੰਦਰ ਸਿੰਘ ਖੋਖਰ ਨੇ ਦੱਸਿਆ ਕਿ ਉਹ ਪੰਜਾਬੀ ਯੂਨੀਵਰਸਿਟੀ ਵਿੱਚ ਸਾਲ 2001 ਦੌਰਾਨ ਏ ਪੀ ਆਰ ਓ (ਸਹਾਇਕ ਪਬਲਿਕ ਰਿਲੇਸ਼ਨ ਅਫਸਰ) ਭਰਤੀ ਹੋਏ ਸਨ। 2003 ਵਿੱਚ ਯੂਨੀਵਰਸਿਟੀ ਨੇ ਵਿੱਤੀ ਹਾਲਾਤ ਦਾ ਵਾਸਤਾ ਦੇ ਕੇ ਇਸ ਅਹੁਦੇ ਨੂੰ ਖਤਮ ਕਰ ਦਿੱਤਾ ਤੇ ਉਸ ਨੂੰ ਨੌਕਰੀ ਤੋਂ ਕੱਢ ਦਿੱਤਾ। ਦੋਬਾਰਾ ਨੌਕਰੀ ਲੈਣ ਲਈ ਉਸ ਨੇ ਚਾਰਾਜੋਈ ਸ਼ੁਰੂ ਕੀਤੀ ਤਾਂ 2008 ਵਿੱਚ ਯੂਨੀਵਰਸਿਟੀ ਦੀ ਕਮੇਟੀ ਨੇ ਉਸ ਨੂੰ ਬਹਾਲ ਕਰਨ ਦਾ ਹੁਕਮ ਕੀਤਾ ਸੀ, ਪਰ ਬੀਤੇ ਸਾਲਾਂ ਦੇ ਲਾਭ ਦੇਣ ਤੋਂ ਇਨਕਾਰ ਕਰ ਦਿੱਤਾ। ਹਰਮਿੰਦਰ ਸਿੰਘ ਨੇ ਸ਼ਡਿਊਲਡ ਕਾਸਟ (ਐਸ ਸੀ) ਕਮਿਸ਼ਨ ਨੂੰ ਪਹੁੰਚ ਕੀਤੀ ਤਾਂ ਕਮਿਸ਼ਨ ਨੇ ਯੂਨੀਵਰਸਿਟੀ ਨੂੰ ਲਾਭ ਜਾਰੀ ਕਰਨ ਦੇ ਹੁਕਮ ਦਿੱਤੇ। ਇਨ੍ਹਾਂ ਹੁਕਮਾਂ ਨੂੰ ਨਾ ਮੰਨਦਿਆਂ ਯੂਨੀਵਰਸਿਟੀ ਨੇ ਹਰਮਿੰਦਰ ਸਿੰਘ ਨੂੰ ਵਿੱਤੀ ਲਾਭ ਨਹੀਂ ਦਿੱਤਾ। ਹਰਮਿੰਦਰ ਸਿੰਘ ਨੇ ਐਸ ਐਸ ਪੀ ਪਟਿਆਲਾ ਨੂੰ ਬੀਤੇ ਸਾਲ ਦਰਖਾਸਤ ਦਿੱਤੀ ਤਾਂ ਡੀ ਐਸ ਪੀ ਨੇ ਦੋ ਵਾਰ ਜਾਂਚ ਕਰ ਕੇ ਸ਼ਿਕਾਇਤ ਰੱਦ ਕਰ ਦਿੱਤੀ। ਹਰਮਿੰਦਰ ਸਿੰਘ ਫਿਰ ਐਸ ਸੀ ਕਮਿਸ਼ਨ ਕੋਲ ਪੁੱਜੇ। ਜਿਸ ਮਗਰੋਂ ਯੂਨੀਵਰਸਿਟੀ ਦੇ ਸਬੰਧਤ ਅਧਿਕਾਰੀਆਂ ਖਿਲਾਫ ਨੋਟਿਸ ਕੱਢਿਆ ਗਿਆ ਹੈ।

### ਛੋਟੇ ਕਿਸਾਨਾਂ ਨੂੰ ਰਾਹਤ

## ‘ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ’ ਦੇ ਸਵੈ ਘੋਸ਼ਣਾ ਪੱਤਰਾਂ ਲਈ ਪ੍ਰੋਫਾਰਮੇ ਭੇਜੇ ਗਏ

ਪਟਿਆਲਾ, 14 ਫਰਵਰੀ (ਪੋਸਟ ਬਿਊਰੋ)- ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਨੇ ਅੰਤ੍ਰਿਮ ਬਜਟ ਦੌਰਾਨ ਦੇਸ਼ ਦੇ ਛੋਟੇ ਕਿਸਾਨਾਂ ਨੂੰ 6000 ਰੁਪਏ ਸਾਲਾਨਾ ਰਾਹਤ ਰਾਸ਼ੀ ਤਿੰਨ ਕਿਸ਼ਤਾਂ ਵਿੱਚ ਦੇਣ ਦਾ ਐਲਾਨ ਕੀਤਾ ਸੀ। ਇਸ ਸਕੀਮ ਤਹਿਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲੋਕ ਸਭਾ ਚੋਣਾਂ ਤੋਂ ਪਹਿਲਾਂ ਕਿਸਾਨਾਂ ਨੂੰ ਖੁਸ਼ ਕਰਨ ਦੇ ਰੌਅ 'ਚ ਹਨ ਅਤੇ ਚਾਹੁੰਦੇ ਹਨ ਕਿ ਚੋਣਾਂ ਤੋਂ ਪਹਿਲਾਂ ਕਿਸਾਨਾਂ ਨੂੰ ਇਹ ਰਾਸ਼ੀ ਭੇਜ ਦਿੱਤੀ ਜਾਵੇ।

‘ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ' ਤਹਿਤ ਸਾਰੇ ਰਾਜਾਂ ਨੂੰ ਛੋਟੇ ਕਿਸਾਨਾਂ ਦੇ ਸਵੈ ਘੋਸ਼ਣਾ ਪੱਤਰ ਭਰ ਕੇ ਉਨ੍ਹਾਂ ਦੇ ਬੈਂਕ ਖਾਤੇ ਜਾਣੂ ਕਰਾਉਣ ਬਾਰੇ ਸਰਗਰਮੀ ਨਾਲ ਇਹ ਸ਼ਰਤਾਂ ਆਧਾਰਿਤ ਪ੍ਰੋਫਾਰਮੇ ਜ਼ਿਲਾ ਕੇਂਦਰਾਂ 'ਤੇ ਭੇਜ ਦਿੱਤੇ ਹਨ। ਮਿਲੀ ਜਾਣਕਾਰੀ ਮੁਤਾਬਕ ਛੋਟੇ ਤੇ ਸੀਮਾਂਤ ਕਿਸਾਨ, ਜਿਨ੍ਹਾਂ ਕੋਲ ਜ਼ਮੀਨ ਦੋ ਹੈਕਟੇਅਰ (ਕਰੀਬ ਪੰਜ ਏਕੜ) ਹੋਵੇ, ਨੂੰ ਹੀ ਇਹ ਮਦਦ ਮਿਲੇਗੀ। ਇਹ ਸਕੀਮ ਲਾਗੂ ਕਰਨ ਲਈ ਕੇਂਦਰ ਸਰਕਾਰ ਇਸ ਲਈ ਪੱਬਾਂ ਭਾਰ ਹੈ ਕਿ ਚੋਣ ਜ਼ਾਬਤਾ ਲੱਗਣ ਤੋਂ ਪਹਿਲਾਂ ਪਹਿਲੀ ਕਿਸ਼ਤ ਕਿਸਾਨਾਂ ਦੇ ਖਾਤਿਆਂ ਵਿੱਚ ਜਮ੍ਹਾਂ ਕਰਵਾ ਦਿੱਤੀ ਜਾਵੇ। ਪਟਿਆਲਾ ਜ਼ਿਲੇ ਵਿੱਚ ਛੋਟੇ ਤੇ ਸੀਮਾਂਤ ਕਿਸਾਨਾਂ ਲਈ ਕਰੀਬ 43 ਹਜ਼ਾਰ ਪ੍ਰੋਫਾਰਮੇ ਭੇਜੇ ਜਾਣੇ ਹਨ, ਜਿਨ੍ਹਾਂ ਵਿੱਚੋਂ 28000 ਪ੍ਰੋਫਾਰਮੇ ਪਹੁੰਚ ਗਏ ਹਨ। ਸੰਗਰੂਰ ਜ਼ਿਲੇ ਵਿੱਚ ਅਜਿਹੇ ਕਿਸਾਨਾਂ ਦੀ ਗਿਣਤੀ 72000 ਦੱਸੀ ਜਾਂਦੀ ਹੈ, ਫਤਹਿਗੜ੍ਹ ਸਾਹਿਬ ਲਈ ਗਿਣਤੀ 18000, ਰੋਪੜ ਲਈ 7500 ਅਤੇ ਮੋਹਾਲੀ ਲਈ 14500 ਵਿੱਚੋਂ 10000 ਪ੍ਰੋਫਾਰਮੇ ਪੁੱਜ ਚੁੱਕੇ ਹਨ। ਇਸ ਪ੍ਰੋਫਾਰਮੇ 'ਚ ਨਿਰਧਾਰਿਤ ਸ਼ਰਤਾਂ ਵਿੱਚ ਸਭ ਤੋਂ ਅਹਿਮ ਸ਼ਰਤ ਇਹ ਹੈ ਕਿ ਇਕ ਫਰਵਰੀ 2019 ਨੂੰ ਮੇਰੇ ਤੇ ਮੇਰੇ ਪਰਵਾਰ ਸਮੇਤ ਪਤਨੀ ਅਤੇ ਬੱਚਿਆਂ, ਜਿਨ੍ਹਾਂ ਦੀ ਉਮਰ 18 ਸਾਲ ਤੋਂ ਘੱਟ ਹੋਵੇ, ਕੋਲ ਵਾਹੀਯੋਗ ਜ਼ਮੀਨ ਪੰਜ ਏਕੜ ਤੋਂ ਘੱਟ ਹੈ। ਜੇ ਕੋਈ ਕਿਸਾਨ ਨੌਕਰੀ ਕਰਦਾ ਹੈ, ਉਸ ਦਾ ਵੇਰਵਾ ਦੱਸਣਾ ਹੋਵੇਗਾ ਅਤੇ ਜੋ ਕਿਸਾਨ ਪ੍ਰਤੀ ਮਹੀਨਾ ਪੈਨਸ਼ਨ 10,000 ਰੁਪਏ ਲੈਂਦਾ ਹੈ, ਉਨ੍ਹਾਂ ਨੂੰ ਇਹ ਲਾਭ ਨਹੀਂ ਮਿਲੇਗਾ। ਕਿਸੇ ਵੀ ਸੰਵਿਧਾਨਕ ਅਹੁਦੇ 'ਤੇ ਰਹਿਣ ਵਾਲੇ ਮੰਤਰੀ, ਵਿਧਾਇਕ, ਚੇਅਰਮੈਨ, ਮੇਅਰ ਦਾ ਵੇਰਵਾ ਵੀ ਦੇਣਾ ਪਵੇਗਾ। ਡਾਕਟਰ, ਇੰਜੀਨੀਅਰ, ਵਕੀਲ, ਆਰਕੀਟੈਕਟ, ਚਾਰਟਡ ਲੇਖਾਕਾਰ ਦਾ ਮੈਂਬਰ ਨਾ ਹੋਣ ਬਾਰੇ ਵੀ ਦੱਸਣਾ ਹੋਵੇਗਾ। ਇਹ ਸਖਤ ਮਦ ਲਿਖੀ ਗਈ ਹੈ ਕਿ ਜੇ ਕੋਈ ਕਿਸਾਨ ਗਲਤ ਵੇਰਵੇ ਨਾਲ ਇਸ ਸਕੀਮ ਦਾ ਲਾਭ ਲੈ ਗਿਆ ਤਾਂ ਉਹ ਮੋੜਨ ਦਾ ਪਾਬੰਦ ਹੋਵੇਗਾ।

We Provide services:
• Corporation Registration
• Corporation Tax Returns
• Personal Tax Retruns
• Accounting • Book - Keeping
• H.S.T • WSIB • T4 • E-File
• Assistance in Audit with CRA

CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com



7956 Torbram Rd, Unit #209, Brampton, ON L6T 5A2 Fax: 905-291-0741

A/Z Drivers Needed/ਡਰਾਈਵਰਾਂ ਦੀ ਲੋੜ



- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London

- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

“ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ”

New Drivers Are Also Welcome, We Give Paid Training With Full Time Job
For Further Information Contact: 6476253344

www.AREA REALTOR.com




CENTURY 21 PRESIDENT



KAMAL SANDHU
Sales Representative
647.891.0143
905.488.2100 ext. 407



## ਛੇ ਸਾਲ ਪਹਿਲਾਂ ਲਵ ਮੈਰਿਜ ਕਰਨ ਵਾਲੇ ਜੋੜੇ ਦਾ ਕਤਲ

ਰੋਹਤਕ, 14 ਫਰਵਰੀ (ਪੋਸਟ ਬਿਊਰੋ)- ਛੇ ਸਾਲ ਪਹਿਲਾਂ ਲਵ ਮੈਰਿਜ ਕਰਨ ਵਾਲੇ ਜੋੜੇ ਦੀ ਵੈਲੇਨਟਾਈਨ ਡੇ ਤੋਂ ਇੱਕ ਦਿਨ ਪਹਿਲਾਂ ਚਾਕੂਆਂ ਨਾਲ 20-20 ਤੋਂ ਵੱਧ ਵਾਰ ਕਰ ਕੇ ਹੱਤਿਆ ਕਰ ਦਿੱਤੀ ਗਈ ਹੈ। ਮਿਲੀ ਜਾਣਕਾਰੀ ਅਨੁਸਾਰ ਰੋਹਤਕ ਦੇ ਪੜਾਵ ਮੁਹੱਲਾ ਦੇ ਅਸ਼ੋਕ ਜੈਨ ਉਰਫ ਸੋਨੂੰ (37) ਅਤੇ ਆਰੀਆਨਗਰ ਦੀ ਸੋਨੀਆ (35) ਨੇ 2012 ਵਿੱਚ ਅੰਤਰਜਾਤੀ ਵਿਆਹ ਕੀਤਾ ਸੀ। ਦੋਵੇਂ ਨਵਾਂ ਪੜਾਵ ਮੁਹੱਲਾ ਵਿੱਚ ਅਸ਼ੋਕ ਦੇ ਜੱਦੀ ਘਰ ਵਿੱਚ ਰਹਿ ਰਹੇ ਸਨ। ਕੱਲ੍ਹ ਸਵੇਰੇ ਦੋਵਾਂ ਦੀਆਂ ਲਾਸ਼ਾਂ ਘਰ ਵਿੱਚ ਪਈਆਂ ਮਿਲੀਆਂ। ਜੋੜੇ ਦਾ ਕੋਈ ਬੱਚਾ ਨਹੀਂ ਸੀ। ਪੁਲਸ ਆਨਰ ਕਿਲਿੰਗ ਦੀ ਥਿਊਰੀ ਤੋਂ ਇਨਕਾਰ ਕਰਦੀ ਹੈ। ਜਾਣਕਾਰ ਸੂਤਰਾਂ ਮੁਤਾਬਕ ਵਾਰਦਾਤ ਵਿੱਚ ਅਜਿਹੇ ਕਿਸੇ ਕਰੀਬੀ ਦਾ ਹੱਥ ਹੋ ਸਕਦਾ ਹੈ, ਜੋ ਦੋਵਾਂ ਨੂੰ ਗਹਿਰੀ ਰੰਜਿਸ਼ ਰੱਖਦਾ ਸੀ ਅਤੇ ਪਤੀ-ਪਤਨੀ ਇਸ ਤੋਂ ਬੇਖਬਰ ਸਨ।

# ਜਲ੍ਹਿਆਂਵਾਲਾ ਬਾਗ ਨੈਸ਼ਨਲ ਮੈਮੋਰੀਅਲ ਸੋਧ ਬਿੱਲ ਲੋਕ ਸਭਾ ਤੋਂ ਪਾਸ

*** ਅੱਗੇ ਤੋਂ ਕਾਂਗਰਸ ਪ੍ਰਧਾਨ ਇਸ ਟਰੱਸਟ ਦਾ ਹਿੱਸਾ ਨਹੀਂ ਹੋਵੇਗਾ**

ਨਵੀਂ ਦਿੱਲੀ, 14 ਫਰਵਰੀ (ਪੋਸਟ ਬਿਊਰੋ)- ਨਰਿੰਦਰ ਮੋਦੀ ਸਰਕਾਰ ਵੱਲੋਂ ਆਪਣੇ ਕਾਰਜਕਾਲ ਦੇ ਆਖਰੀ ਇਜਲਾਸ 'ਚ ਪੇਸ਼ ਕੀਤੇ ਬਿੱਲ ਜਲ੍ਹਿਆਂਵਾਲਾ ਬਾਗ ਨੈਸ਼ਨਲ ਮੈਮੋਰੀਅਲ (ਸੋਧ) ਬਿੱਲ 2018 'ਚ ਵੱਡਾ ਬਦਲਾਅ ਕਰ ਕੇ ਸਾਲ 1951 ਦੇ ਕਾਨੂੰਨ 'ਚ ਮੈਮੋਰੀਅਲ ਦੇ ਟਰੱਸਟੀ ਵਜੋਂ ਸ਼ਾਮਲ ਕਾਂਗਰਸ ਪਾਰਟੀ ਦੇ ਪ੍ਰਧਾਨ ਨੂੰ ਹਟਾਉਣ ਲਈ ਮਤਾ ਪੇਸ਼ ਕੀਤਾ ਹੈ, ਜਿਸ ਨੂੰ ਲੋਕ ਸਭਾ ਵਿੱਚ ਬਹੁਮਤ ਵਾਲੀ ਮੋਦੀ ਸਰਕਾਰ ਨੇ ਕਾਂਗਰਸ ਸਮੇਤ ਤ੍ਰਿਣਮੂਲ ਕਾਂਗਰਸ, ਸੀ ਪੀ ਆਈ (ਐਮ) ਦੇ ਵਿਰੋਧ ਦੇ ਬਾਵਜੂਦ ਪਾਸ ਕਰਵਾ ਲਿਆ ਹੈ।



ਕੇਂਦਰ ਸਰਕਾਰ ਦੇ ਸੱਭਿਆਚਾਰ ਬਾਰੇ ਮੰਤਰੀ ਮਹੇਸ਼ ਸ਼ਰਮਾ ਵੱਲੋਂ ਪੁਰਾਣੇ ਕਾਨੂੰਨ ਜਲ੍ਹਿਆਂਵਾਲਾ ਬਾਗ ਨੈਸ਼ਨਲ ਮੈਮੋਰੀਅਲ 1951 ਕਾਨੂੰਨ 'ਚ ਤਿੰਨ ਸੋਧਾਂ ਕਰਨ ਦਾ ਮਤਾ ਪੇਸ਼ ਕਰਦਿਆਂ ਇਹ ਬਿੱਲ ਪੇਸ਼ ਕੀਤਾ। ਸੋਧਾਂ ਵਜੋਂ ਵਿਰੋਧੀ ਧਿਰ ਦੇ ਨੇਤਾ ਦੀ ਥਾਂ ਵਿਰੋਧੀ ਧਿਰ ਦੀ ਸਭ ਤੋਂ ਵੱਡੀ ਪਾਰਟੀ ਦੇ ਨੇਤਾ ਨੂੰ ਟਰੱਸਟ ਵਿੱਚ ਥਾਂ ਦਿੱਤੀ ਜਾਵੇਗੀ। ਵਰਨਣ ਯੋਗ ਹੈ ਕਿ ਮੌਜੂਦਾ ਲੋਕ ਸਭਾ 'ਚ ਕਾਂਗਰਸ ਨੇਤਾ ਮਲਿਕ ਅਰਜੁਨ ਖੜਗੇ, ਕਾਂਗਰਸ ਦੀਆਂ 10 ਫੀਸਦੀ ਤੋਂ ਘੱਟ ਸੀਟਾਂ ਹੋਣ ਕਾਰਨ ਵਿਰੋਧੀ ਧਿਰ ਦੇ ਨੇਤਾ ਦਾ ਦਰਜਾ ਹਾਸਲ ਨਹੀਂ ਸਨ ਕਰ ਸਕੇ। ਸਰਕਾਰ ਵੱਲੋਂ ਕੀਤੀਆਂ ਹੋਰ ਤਰਮੀਮਾਂ 'ਚ ਕੇਂਦਰ ਨੂੰ ਹੋਰ ਤਾਕਤ ਦਿੰਦਿਆਂ ਸਰਕਾਰ ਵੱਲੋਂ ਨਾਮਜ਼ਦ ਤਿੰਨ ਮੈਂਬਰਾਂ ਨੂੰ ਉਸ ਦੇ ਨਿਸ਼ਚਿਤ ਪੰਜ ਸਾਲ ਦੇ ਕਾਰਜਕਾਲ ਤੋਂ ਪਹਿਲਾਂ ਵੀ ਹਟਾਉਣ ਦੀ ਤਾਕਤ ਦਿੰਦਾ ਹੈ। ਇਸ ਵਿੱਚੋਂ ਸਰਕਾਰ ਨੇ ਟਰੱਸਟ 'ਚ ਸ਼ਾਮਲ ਕਾਂਗਰਸ ਪਾਰਟੀ ਦੇ ਪ੍ਰਧਾਨ ਨੂੰ ਵੀ ਇਸ ਸੋਧ ਨਾਲ ਹਟਾ ਦਿੱਤਾ ਹੈ। ਕਾਂਗਰਸ ਨੇ ਇਸ ਮੌਕੇ ਭਾਜਪਾ 'ਤੇ ਛੋਟੀ ਮਾਨਸਿਕਤਾ ਦਾ ਦੋਸ਼ ਲਾਉਂਦਿਆਂ ਸਰਕਾਰ ਨੂੰ ਸ਼ਹਾਦਤ ਨੂੰ ਸ਼ਰਮਸਾਰ ਨਾ ਕਰਨ ਲਈ ਕਿਹਾ। ਕਾਂਗਰਸ ਨੇਤਾ ਸ਼ਸ਼ੀ ਥਰੂਰ ਨੇ ਪਾਰਟੀ ਦੇ ਇਤਿਹਾਸ ਅਤੇ ਆਜ਼ਾਦੀ ਦੀ ਜੰਗ 'ਚ ਪਾਰਟੀ ਦੇ ਯੋਗਦਾਨ ਦਾ ਹਵਾਲਾ ਦਿੰਦਿਆਂ ਕਿਹਾ ਕਿ ਜਲ੍ਹਿਆਂਵਾਲਾ ਬਾਗ ਮੈਮੋਰੀਅਲ ਦੇ ਲਈ ਜ਼ਮੀਨ ਅਤੇ ਪੈਸਾ ਵੀ ਕਾਂਗਰਸ ਨੇ ਹਾਸਲ ਕਰਵਾਇਆ ਸੀ। ਕਾਂਗਰਸ ਨੇ ਮੋਦੀ ਸਰਕਾਰ 'ਤੇ ਇਤਿਹਾਸ ਨਾਲ ਛੇੜਛਾੜ ਕਰਨ ਦਾ ਦੋਸ਼ ਲਾਉਂਦਿਆਂ ਸਿਆਸੀ ਫਾਇਦੇ ਲਈ ਛੋਟੀਆਂ ਹਰਕਤਾਂ ਤੋਂ ਗੁਰੇਜ਼ ਕਰਨ ਲਈ ਕਿਹਾ। ਸਰਕਾਰ ਦੀਆਂ ਤਰਮੀਮਾਂ ਦੇ ਹੱਕ 'ਚ ਆਈ ਬੀ ਜੇ ਡੀ, ਸ਼ਿਵ ਸੈਨਾ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਬਿੱਲ ਨੂੰ ਪੂਰਾ ਸਮਰਥਨ ਦਿੱਤਾ।

# ਐਨ ਆਰ ਆਈ ਮੈਰਿਜ ਰਜਿਸਟਰੇਸ਼ਨ ਬਿੱਲ ਨੂੰ ਮੰਤਰੀ ਮੰਡਲ ਦੀ ਮਨਜ਼ੂਰੀ

ਨਵੀਂ ਦਿੱਲੀ, 14 ਫਰਵਰੀ (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਐੱਨ ਆਰ ਆਈ ਮੈਰਿਜ ਰਜਿਸਟਰੇਸ਼ਨ ਬਿੱਲ ਨੂੰ ਕੱਲ੍ਹ ਮਨਜ਼ੂਰੀ ਦੇ ਦਿੱਤੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਮੰਤਰੀ ਮੰਡਲ ਦੀ ਬੈਠਕ ਵਿੱਚ ਇਸ ਸੰਬੰਧੀ ਫੈਸਲਾ ਲਿਆ ਗਿਆ, ਜਿਸ ਦੇ ਵੱਡੇ ਅਰਥ ਨਿਕਲਦੇ ਹਨ।

ਵਿੱਤ ਮੰਤਰੀ ਪਿਊਸ਼ ਗੋਇਲ ਨੇ ਮੰਤਰੀ ਮੰਡਲ ਦੀ ਬੈਠਕ ਤੋਂ ਬਾਅਦ ਪੱਤਰਕਾਰਾਂ ਨੂੰ ਦੱਸਿਆ ਕਿ ਸਰਕਾਰ ਨੇ ਭਾਰਤੀ ਨਾਗਰਿਕਾਂ, ਖਾਸ ਕਰ ਕੇ ਔਰਤਾਂ ਨੂੰ ਐੱਨ ਆਰ ਆਈ ਭਾਰਤੀ ਪਤੀ-ਪਤਨੀਆਂ ਨੂੰ ਸ਼ੋਸ਼ਣ ਤੋਂ ਬਚਾਉਣ ਲਈ ਇਸ ਬਿੱਲ ਵਿੱਚ ਵਿਵਸਥਾ ਕੀਤੀ ਹੈ। ਇਹ ਬਿੱਲ ਪਾਸ ਹੋਣ ਨਾਲ ਐੱਨ ਆਰ ਆਈ ਭਾਰਤੀਆਂ ਦੇ ਵਿਆਹ ਦੀ ਭਾਰਤ ਵਿੱਚ, ਵਿਦੇਸ਼ ਦੇ ਭਾਰਤੀ ਮਿਸ਼ਨਾਂ ਵਿੱਚ ਰਜਿਸਟਰੇਸ਼ਨ ਹੋਵੇਗੀ।

ਇਸ ਤੋਂ ਇਲਾਵਾ ਮੰਤਰੀ ਮੰਡਲ ਦੀ ਬੈਠਕ ਵਿੱਚ ਹੋਰ ਫੈਸਲਿਆਂ ਨੂੰ ਮਨਜ਼ੂਰੀ ਦਿੱਤੀ ਗਈ, ਜਿਨ੍ਹਾਂ ਵਿੱਚ ਦਿੱਲੀ ਵਿੱਚ ਕਿਸਾਨ ਮੰਡੀ ਲਈ 1.61 ਏਕੜ ਜ਼ਮੀਨ ਤਬਦੀਲ ਕਰਨ, ਸਫਾਈ ਕਰਮਚਾਰੀ ਕਮਿਸ਼ਨ ਦਾ ਕਾਰਜਕਾਲ ਤਿੰਨ ਸਾਲ ਵਧਾਉਣ, ਅੱਤਵਾਦ ਰੋਕੂ, ਪੁਲਾੜ ਅਤੇ ਟੂਰਿਸਟ ਦੇ ਖੇਤਰਾਂ ਵਿੱਚ ਸਮਝੌਤਿਆਂ ਨੂੰ ਮਨਜ਼ੂਰੀ ਦਿੱਤੀ ਗਈ। ਇਸ ਤੋਂ ਇਲਾਵਾ ਪਟਨਾ ਮੈਟਰੋ ਰੇਲ ਪ੍ਰੋਜੈਕਟ ਪੰਜ ਸਾਲਾਂ ਵਿੱਚ ਪੂਰਾ ਕਰਨ ਦਾ ਫੈਸਲਾ ਕੀਤਾ ਗਿਆ ਜਿਸ ਦੀ ਲਾਗਤ 13,365 ਕਰੋੜ ਰੁਪਏ ਹੋਵੇਗੀ। ਛੋਟੇ ਤੇ ਮੱਧ ਵਰਗ ਦੇ ਉਦਯੋਗਾਂ ਲਈ ਕਰੈਡਿਟ ਪੂੰਜੀ ਕੈਪੀਟਲ ਸਬਸਿਡੀ ਤੇ ਟੈਕਨਾਲੋਜੀ ਦੀ ਵਿਕਾਸ ਯੋਜਨਾ ਨੂੰ ਤਿੰਨ ਸਾਲ ਤੱਕ ਹੋਰ ਵਧਾਉਣ ਦੀ ਮਨਜ਼ੂਰੀ ਦਿੱਤੀ ਗਈ ਹੈ ਜਿਸ 'ਤੇ 2900 ਕਰੋੜ ਰੁਪਏਦੀ ਲਾਗਤ ਆਵੇਗੀ। ਇਸ ਦੇ ਨਾਲ ਹੀ ਤਾਮਿਲ ਨਾਡੂ ਦੇ ਕੰਨੂਰ ਵਿੱਚ ਨਵੇਂ ਵਾਇਰਲ ਵੈਕਸੀਨ ਪਲਾਂਟ ਦੇ ਨਿਰਮਾਣ ਲਈ 30 ਏਕੜ ਜ਼ਮੀਨ ਪਾਸਚਰ ਇੰਸਟੀਚਿਊਟ ਨੂੰ ਦੇਣ ਦਾ ਫੈਸਲਾ ਕੀਤਾ ਗਿਆ।

## ਪ੍ਰਿਅੰਕਾ ਗਾਂਧੀ ਵਰਕਰਾਂ ਤੋਂ ਪੁੱਛਦੀ ਹੈ ਕੁੱਲ ਤਿੰਨ ਅਹਿਮ ਸਵਾਲ

ਲਖਨਊ, 14 ਫਰਵਰੀ (ਪੋਸਟ ਬਿਊਰੋ)- ਕਾਂਗਰਸ ਦੀ ਜਨਰਲ ਸਕੱਤਰ ਅਤੇ ਪੂਰਬੀ ਉਤਰ ਪ੍ਰਦੇਸ਼ ਦੀ ਇੰਚਾਰਜ ਪ੍ਰਿਅੰਕਾ ਗਾਂਧੀ ਕਾਂਗਰਸ ਵਰਕਰਾਂ ਨਾਲ ਪਰਸਨਲ ਨੇੜਤਾ ਬਣਾਉਣ ਵਿੱਚ ਲੱਗ ਗਈ ਹੈ ਤੇ ਇਸ ਵੇਲੇ ਉਹ ਵਰਕਰਾਂ ਤੋਂ ਸਿਰਫ ਤਿੰਨ ਅਹਿਮ ਸਵਾਲ ਪੁੱਛ ਰਹੀ ਹੈ।

ਪ੍ਰਿਅੰਕਾ ਦਾ ਪਾਰਟੀ ਵਰਕਰਾਂ ਨੂੰ ਪਹਿਲਾ ਸਵਾਲ ਇਹ ਪੁੱਛਿਆ ਜਾਂਦਾ ਹੈ ਕਿ ਪ੍ਰਦੇਸ਼ ਪ੍ਰਧਾਨ ਕਿਸ ਨੂੰ ਬਣਾਇਆ ਜਾਣਾ ਚਾਹੀਦਾ ਤੇ ਮੌਜੂਦਾ ਪ੍ਰਧਾਨ ਕਿਵੇਂ ਹੈ। ਦੂਸਰਾ ਸਵਾਲ ਪ੍ਰਿਅੰਕਾ ਵੱਲੋਂ ਲੋਕ ਸਭਾ ਸੀਟ ਉੱਤੇ ਖੜੇ ਕੀਤੇ ਜਾਣ ਵਾਲੇ ਕਾਂਗਰਸ ਉਮੀਦਵਾਰ ਨਾਲ ਜੁੜਿਆ ਹੋਇਆ ਹੈ। ਉਹ ਪੁੱਛ ਰਹੀ ਹੈ ਕਿ ਕਿਹੜਾ ਉਮੀਦਵਾਰ ਵਰਕਰਾਂ ਦੀਆਂ ਭਾਵਨਾਵਾਂ 'ਤੇ ਪੂਰਾ ਉਤਰ ਸਕਦਾ ਹੈ। ਤੀਸਰਾ ਸਵਾਲ ਉਹ ਵਰਕਰਾਂ ਤੋਂ ਸੰਗਠਨ ਦੀ ਸਥਿਤੀ ਬਾਰੇ ਪੁੱਛ ਰਹੀ ਹੈ।



ਪੂਰਬੀ ਉਤਰ ਪ੍ਰਦੇਸ਼ ਦੀ ਜ਼ਿੰਮੇਵਾਰੀ ਮਿਲਣ ਪਿੱਛੋਂ ਪ੍ਰਿਅੰਕਾ ਨੇ ਵਰਕਰਾਂ ਨੂੰ ਸਖਤ ਮਿਹਨਤ ਕਰਨ ਦੇ ਸੰਦੇਸ਼ ਵੀ ਦਿੱਤੇ ਹਨ। ਉਹ ਖੁਦ ਕੱਲ੍ਹ ਰਾਤ ਤਿੰਨ ਵਜੇ ਤੱਕ ਪਾਰਟੀ ਦਫਤਰ ਵਿੱਚ ਪਾਰਟੀ ਨੇਤਾਵਾਂ ਅਤੇ ਵਰਕਰਾਂ ਦੇ ਨਾਲ ਬੈਠਕਾਂ ਕਰਦੀ ਰਹੀ ਜਿਸ ਵਿੱਚ ਵਰਕਰਾਂ ਤੋਂ ਉਨ੍ਹਾਂ ਨੇ ਮਹੱਤਵ ਪੂਰਨ ਫੀਡਬੈਕ ਲਿਆ ਹੈ। ਦੇਰ ਰਾਤ ਕੰਮ ਕਰਨ ਦੇ ਬਾਵਜੂਦ ਪ੍ਰਿਅੰਕਾ ਕੱਲ੍ਹ ਫਿਰ ਸਵੇਰੇ ਕੰਮ 'ਤੇ ਪਹੁੰਚ ਗਈ ਅਤੇ ਪਾਰਟੀ ਦਫਤਰ ਵਿੱਚ ਬੈਠਕਾਂ ਸ਼ੁਰੂ ਕਰ ਦਿੱਤੀਆਂ। ਕਾਂਗਰਸ ਦੇ ਸੂਤਰਾਂ ਨੇ ਦੱਸਿਆ ਕਿ ਪ੍ਰਿਅੰਕਾ ਨੇ ਆਪਣੇ ਚਾਰ ਦਿਨਾਂ ਉਤਰ ਪ੍ਰਦੇਸ਼ ਦੌਰੇ ਵਿੱਚ 42 ਲੋਕ ਸਭਾ ਸੀਟਾਂ ਬਾਰੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ।

## ਕੋਹੜ ਦੇ ਕਾਰਨ ਤਲਾਕ ਨਾ ਹੋਣ ਦਾ ਬਿੱਲ ਪਾਸ

ਨਵੀਂ ਦਿੱਲੀ, 14 ਫਰਵਰੀ (ਪੋਸਟ ਬਿਊਰੋ)- ਭਾਰਤ ਵਿੱਚ ਕੋਹੜ ਰੋਗ ਦੇ ਆਧਾਰ ਉਤੇ ਅੱਗੇ ਤੋਂ ਤਲਾਕ ਨਹੀਂ ਹੋਣਗੇ। ਰਾਜ ਸਭਾ ਵਿੱਚ ਪਰਸਨਲ ਲਾਅ ਅਮੈਂਡਮੈਂਟ ਬਿੱਲ, 2018 ਪਾਸ ਕਰ ਦਿੱਤਾ ਗਿਆ ਹੈ। ਇਸ ਨਾਲ ਕੋਹੜ ਦੇ ਆਧਾਰ 'ਤੇ ਤਲਾਕ ਦਾ ਨਿਯਮ ਨੂੰ ਖਤਮ ਕਰ ਦਿੱਤਾ ਗਿਆ ਹੈ।

ਪਾਰਲੀਮੈਂਟ ਦੇ ਬਜਟ ਇਜਲਾਸ ਦੇ ਆਖਰੀ ਦਿਨ ਕੱਲ੍ਹ ਬਿਨਾਂ ਕਿਸੇ ਬਹਿਸ ਦੇ ਸਰਬ ਸੰਮਤੀ ਨਾਲ ਪਰਸਨਲ ਲਾਅ ਅਮੈਂਡਮੈਂਟ ਬਿੱਲ ਪਾਸ ਹੋ ਗਿਆ। ਇਸ ਬਿੱਲ ਦੇ ਪਾਸ ਹੋਣ ਨਾਲ ਹਿੰਦੂ ਵਿਆਹ ਐਕਟ, ਮੁਸਲਿਮ ਤਲਾਕ ਐਕਟ, ਤਲਾਕ ਐਕਟ (ਈਸਾਈ), ਵਿਸ਼ੇਸ਼ ਵਿਆਹ ਐਕਟ ਅਤੇ ਹਿੰਦੂ ਗੋਦ ਲੈਣ ਤੇ ਸੁਰੱਖਿਆ ਐਕਟ ਕਾਨੂੰਨ ਹੇਠ ਕੋਹੜ ਰੋਗ ਦੇ ਆਧਾਰ 'ਤੇ ਤਲਾਕ ਨਹੀਂ ਹੋਵੇਗਾ। ਕਾਨੂੰਨ ਕਮਿਸ਼ਨ ਨੇ ਕੋਹੜ ਰੋਗ ਤੋਂ ਪੀੜਤ ਲੋਕਾਂ ਦੇ ਨਾਲ ਭੇਦਭਾਵ ਵਾਲੇ ਨਿਯਮਾਂ ਅਤੇ ਪ੍ਰਾਵਧਾਨਾਂ ਨੂੰ ਖਤਮ ਕਰਨ ਦੀ ਸਿਫਾਰਸ਼ ਕੀਤੀ ਸੀ। ਕੋਹੜ ਰੋਗ ਦੇ ਪੀੜਤਾਂ ਖਿਲਾਫ ਭੇਦਭਾਵ ਖਤਮ ਕਰਨ ਲਈ ਯੂ ਐਨ ਦੇ ਪ੍ਰਸਤਾਵ 'ਤੇ ਦਸਤਖਤ ਕਰਨ ਵਾਲੇ ਦੇਸ਼ਾਂ ਵਿੱਚ ਵੀ ਭਾਰਤ ਸ਼ਾਮਲ ਹੈ। ਸਾਲ 2014 'ਚ ਸੁਪਰੀਮ ਕੋਰਟ ਨੇ ਵੀ ਕੋਹੜ ਦੇ ਰੋਗੀਆਂ ਦੇ ਪੁਨਰਵਾਸ ਅਤੇ ਉਨ੍ਹਾਂ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਲਿਆਉਣ ਦੇ ਉਪਾਅ ਕਰਨ ਨੂੰ ਕਿਹਾ ਸੀ। ਇਸ ਦੌਰਾਨ ਕੁਝ ਮੁੱਦਿਆਂ ਨੂੰ ਲੈ ਕੇ ਤ੍ਰਿਣਮੂਲ ਕਾਂਗਰਸ ਅਤੇ ਖੱਬੇ ਪੱਖੀਆਂ ਨੇ ਹੰਗਾਮਾ ਕੀਤਾ ਤਾਂ ਦੋਵਾਂ ਧਿਰਾਂ ਦੇ ਵਿਰੋਧ ਕਾਰਨ ਸਦਨ ਦੀ ਕਾਰਵਾਈ ਵੀ 10 ਮਿੰਟ ਲਈ ਮੁਲਤਵੀ ਕਰਨੀ ਪਈ।

## ਸ਼ਰਦ ਪਵਾਰ ਦੇ ਘਰ ਮੋਦੀ ਵਿਰੋਧ ਦੀ ਯੋਜਨਾ ਬਣਾਈ ਗਈ



ਨਵੀਂ ਦਿੱਲੀ, 14 ਫਰਵਰੀ (ਪੋਸਟ ਬਿਊਰੋ)- ਭਾਜਪਾ ਦਾ ਲੋਕ ਸਭਾ ਚੋਣਾਂ ਵਿੱਚ ਵਿਰੋਧ ਕਰਨ ਲਈ ਇਕਜੁੱਟ ਜਾਪਦੀ ਵਿਰੋਧੀ ਧਿਰ ਨੇ ਅੱਜ ਸ਼ਰਦ ਪਵਾਰ ਦੇ ਘਰ ਇੱਕ ਮੀਟਿੰਗ ਕੀਤੀ, ਜਿਸ ਵਿੱਚ ਪਹਿਲੀ ਵਾਰ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਅਤੇ ਆਮ ਆਦਮੀ ਪਾਰਟੀ ਨੇ ਆਗੂ ਅਰਵਿੰਦ ਕੇਜਰੀਵਾਲ ਨੂੰ ਇਕੱਠੇ ਦੇਖਿਆ ਗਿਆ।

ਮਿਲੀ ਜਾਣਕਾਰੀ ਅਨੁਸਾਰ ਸ਼ਰਦ ਪਵਾਰ ਵੱਲੋਂ ਆਪਣੇ ਘਰ ਬੁਲਾਈ ਗਈ ਇਸ ਬੈਠਕ ਵਿੱਚ ਰਾਹੁਲ ਗਾਂਧੀ ਅਤੇ ਕੇਜਰੀਵਾਲ ਤੋਂ ਬਿਨਾਂ ਮਮਤਾ ਬੈਨਰਜੀ ਵੀ ਆਈ, ਪਰ 80 ਸੀਟਾਂ ਵਾਲੇ ਉੱਤਰ ਪ੍ਰਦੇਸ਼ ਵਿੱਚ ਵੱਡਾ ਜ਼ੋਰ ਰੱਖਣ ਵਾਲੀ ਸਮਾਜਵਾਦੀ ਪਾਰਟੀ ਅਤੇ ਬਹੁਜਨ ਸਮਾਜ ਪਾਰਟੀ ਦੀ ਧਿਰ ਵੱਲੋਂ ਕੋਈ ਵੀ ਨਹੀਂ ਆਇਆ। ਇਸ ਬੈਠਕ ਵਿੱਚ ਵਿਰੋਧੀ ਧਿਰ ਦੇ ਆਗੂ ਲੋਕ ਸਭਾ ਚੋਣਾਂ ਵਿੱਚ ਭਾਜਪਾ ਦੀ ਅਗਵਾਈ ਵਾਲੀ ਐੱਨ ਡੀ ਏ ਗੱਠਜੋੜ ਨਾਲ ਟੱਕਰ ਲੈਣ ਲਈ ਸਾਂਝਾ ਘੱਟੋ-ਘੱਟ ਪ੍ਰੋਗਰਾਮ ਤਿਆਰ ਕਰਨ ਲਈ ਸਹਿਮਤ ਹੋਏ ਦੱਸੇ ਜਾਂਦੇ ਹਨ। ਬੈਠਕ ਪਿੱਛੋਂ ਰਾਹੁਲ ਗਾਂਧੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਵਿਰੋਧੀ ਧਿਰ ਦੇ ਆਗੂ ਸਾਂਝਾ ਘੱਟੋ-ਘੱਟ ਪ੍ਰੋਗਰਾਮ ਬਣਾਉਣਾ ਮੰਨ ਗਏ ਹਨ। ਭਾਜਪਾ ਨਾਲ ਟੱਕਰ ਲੈਣ ਦੇ ਲਈ ਅਸੀਂ ਮਿਲ ਕੇ ਚੱਲਾਂਗੇ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਗੱਲਬਾਤ ਨੂੰ ਹਾਂ ਪੱਖੀ ਦੱਸਿਆ ਤੇ ਕਿਹਾ ਕਿ ਵਿਰੋਧੀ ਧਿਰ ਮਿਲ ਕੇ ਕੰਮ ਕਰੇਗੀ। ਇਸ ਬੈਠਕ ਤੋਂ ਸੰਕੇਤ ਮਿਲਦੇ ਹਨ ਕਿ ਆਮ ਆਦਮੀ ਪਾਰਟੀ ਦੇ ਦਿੱਲੀ ਵਿੱਚ ਸੱਤਾ ਵਿੱਚ ਆਉਣ ਪਿੱਛੋਂ ਇਕ ਦੂਸਰੇ ਦੀਆਂ ਵਿਰੋਧੀ ਰਹੀਆਂ ਆਮ ਆਦਮੀ ਪਾਰਟੀ ਤੇ ਕਾਂਗਰਸ ਦਾ ਵੀ ਗੱਠਜੋੜ ਬਣ ਸਕਦਾ ਹੈ। ਤ੍ਰਿਣਮੂਲ ਕਾਂਗਰਸ ਦੀ ਪ੍ਰਧਾਨ ਅਤੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਬੈਠਕ ਨੂੰ ਸਾਰਥਕ ਦੱਸਿਆ ਅਤੇ ਕਿਹਾ ਕਿ ਅਸੀਂ ਚੋਣਾਂ ਤੋਂ ਪਹਿਲਾਂ ਗੱਠਜੋੜ ਕਰਾਂਗੇ। ਤੇਲਗੂ ਪਾਰਟੀ ਦੇ ਮੁਖੀ ਅਤੇ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਚੰਦਰਬਾਬੂ ਨਾਇਡੂ ਨੇ ਕਿਹਾ ਕਿ ਭਾਰਤ ਨੂੰ ਬਚਾਉਣਾ ਇਕ ਲੋਕਤੰਤਰੀ ਲੋੜ ਹੈ। ਨੈਸ਼ਨਲ ਕਾਨਫਰੰਸ ਦੇ ਲੀਡਰ ਫਾਰੂਖ ਅਬਦੁਲਾ ਨੇ ਇਸ ਬੈਠਕ ਨੂੰ ਬਿਹਤਰ ਦੱਸਿਆ।

# ਮਹਿਲਾ ਵਰਕਰ ਨੇ ਰਾਹੁਲ ਗਾਂਧੀ ਨੂੰ ਮੰਚ ਉਤੇ ਕਿੱਸ ਕਰ ਲਿਆ

ਵਾਲਸਾੜ, 14 ਫਰਵਰੀ (ਪੋਸਟ ਬਿਊਰੋ)- ਕਾਂਗਰਸ ਪਾਰਟੀ ਦੇ ਪ੍ਰਧਾਨ ਰਾਹੁਲ ਗਾਂਧੀ ਇਸ ਵਕਤ ਗੁਜਰਾਤ ਦੌਰੇ ਉੱਤੇ ਹਨ ਅਤੇ ਉਨ੍ਹਾਂ ਨੇ ਵਾਲਸਾੜ ਵਿੱਚ ਇਕ ਚੋਣ ਰੈਲੀ ਨੂੰ ਸੰਬੋਧਨ ਕੀਤਾ ਹੈ। ਇਸ ਰੈਲੀ ਵਿਚ ਮੰਚ ਉੱਤੇ ਮਹਿਲਾ ਵਰਕਰਾਂ ਨੂੰ ਰਾਹੁਲ ਦਾ ਸਵਾਗਤ ਕਰਨ ਨੂੰ ਸੱਦਿਆ ਗਿਆ ਸੀ। ਜਦੋਂ ਇਹ ਮਹਿਲਾ ਵਰਕਰ ਮੰਚ ਉੱਤੇ ਫੁੱਲਾਂ ਦਾ ਹਾਰ ਦੇਣ ਲਈ ਪੁੱਜੀਆਂ ਤਾਂ ਉਨ੍ਹਾਂ ਵਿੱਚੋਂ ਇਕ ਮਹਿਲਾ ਵਰਕਰ ਨੇ ਰਾਹੁਲ ਗਾਂਧੀ ਨੂੰ ਫੜ ਕੇ ਗੱਲ੍ਹ ਉੱਤੇ ਕਿੱਸ ਕਰ ਲਿਆ। ਉਸ ਦੀ ਇਸ ਹਰਕਤ ਤੋਂ ਬਾਅਦ ਰਾਹੁਲ ਗਾਂਧੀ ਕੁਝ ਨਾ ਕਹਿ ਸਕੇ ਤੇ ਮੁਸਕਰਾਉਂਦੇ ਹੋਏ ਉਸ ਦਾ ਧੰਨਵਾਦ ਕੀਤਾ। ਇਸ ਪਿੱਛੋਂ ਮੰਚ ਉੱਤੇ ਮਹਿਲਾ ਵਰਕਰਾਂ ਨੇ ਰਾਹੁਲ ਨੂੰ ਹਾਰ ਪਹਿਨਾਏ ਤੇ ਕਾਂਗਰਸ ਦੇ ਸਮਰਥਨ ਵਿੱਚ ਨਾਅਰੇ ਲਾਏ।



ਪਤਾ ਲੱਗਾ ਹੈ ਕਿ ਰਾਹੁਲ ਗਾਂਧੀ ਨੂੰ ਕਿੱਸ ਕਰਨ ਵਾਲੀ ਮਹਿਲਾ ਵਰਕਰ ਦਾ ਨਾਂਅ ਕਸ਼ਮੀਰਾ ਮੁੰਸ਼ੀ ਹੈ ਅਤੇ ਉਹ ਏਥੇ ਮਹਿਲਾ ਕਾਂਗਰਸ ਦੀ ਪ੍ਰਧਾਨ ਰਹਿ ਚੁੱਕੀ ਹੈ। ਮੁੰਸ਼ੀ ਦੇ ਗਾਂਧੀ ਪਰਿਵਾਰ ਨਾਲ ਪੁਰਾਣੇ ਰਿਸ਼ਤੇ ਸਨ। ਵਰਨਣ ਯੋਗ ਹੈ ਕਿ ਰਾਹੁਲ ਗੁਜਰਾਤ ਤੋਂ ਚੋਣ ਮੁਹਿੰਮ ਸ਼ੁਰੂ ਕਰ ਰਹੇ ਹਨ। ਗੁਜਰਾਤ ਦਾ ਪਿੰਡ ਲਾਲ ਡੂੰਗਰੀ ਕਾਂ-ਗਰਸ ਪਾਰਟੀ ਦੇ ਲਈ ਕਾਫੀ ਮਹੱਤਵ ਰੱਖਦਾ ਹੈ, ਕਿਉਂਕਿ ਇੱਥੋਂ ਉਨ੍ਹਾਂ ਦੀ ਦਾਦੀ ਇੰਦਰਾ ਗਾਂਧੀ, ਉਨ੍ਹਾਂ ਦੇ ਪਿਤਾ ਰਾਜੀਵ ਗਾਂਧੀ ਤੇ ਮਾਂ ਸੋਨੀਆ ਗਾਂਧੀ ਨੇ ਵੀ ਕਿਸੇ ਸਮੇਂ ਚੋਣ ਮੁਹਿੰਮ ਦੀ ਸ਼ੁਰੂਆਤ ਕੀਤੀ ਸੀ।

# ਰੋਜ਼ ਛੇ ਘੰਟੇ ਇੱਕ ਥਾਣਾ ਸਕੂਲ ਵਿੱਚ ਬਦਲ ਜਾਂਦੈ

ਦੇਹਰਾਦੂਨ, 14 ਫਰਵਰੀ (ਪੋਸਟ ਬਿਊਰੋ)- ਉੱਤਰਾ ਖੰਡ ਦੀ ਰਾਜਧਾਨੀ ਦੇਹਰਾਦੂਨ ਦਾ ਪ੍ਰੇਮ ਨਗਰ ਥਾਣਾ ਦੇਖਣ ਨੂੰ ਤਾਂ ਬਾਕੀ ਥਾਣਿਆਂ ਵਾਂਗ ਲਗਦਾ ਹੈ, ਪਰ ਫਿਰ ਵੀ ਇਹ ਸਭ ਤੋਂ ਖ਼ਾਸ ਹੈ। ਇਸ ਦੀ ਖ਼ਾਸ ਗੱਲ ਇਹ ਹੈ ਕਿ ਸਵੇਰੇ 9.30 ਵਜੇ ਤੋਂ 3.30 ਵਜੇ ਤੱਕ ਇਹ ਥਾਣਾ ਸਕੂਲ ਵਿਚ ਬਦਲ ਜਾਂਦਾ ਹੈ।

ਅਸਲ ਵਿੱਚ ਪ੍ਰੇਮ ਨਗਰ ਦੇ ਕੋਲ ਨੰਦਾ ਚੌਕ ਝੌਂਪੜਪੱਟੀ ਦੇ ਬਹੁਤ ਸਾਰੇ ਗਰੀਬ ਬੱਚੇ ਇਥੇ ਪੜ੍ਹਨ ਆਉਂਦੇ ਹਨ। ਇਹ ਸਾਰੇ ਬੱਚੇ 4 ਤੋਂ 12 ਸਾਲ ਦੀ ਉਮਰ ਦੇ ਹਨ। ਇਹਨਾਂ ਦੀ ਪ੍ਰਾਇਮਰੀ ਜਾਂ ਰਸਮੀ ਸਿੱਖਿਆ ਦਾ ਕੋਈ ਪ੍ਰਬੰਧ ਨਹੀਂ ਸੀ। ਦੇਹਰਾਦੂਨ ਦੀ ਇਕ ਸਮਾਜ-ਸੇਵੀ ਸੰਸਥਾ 'ਆਸਰਾ ਟਰੱਸਟ' ਵੱਲੋਂ ਇਨ੍ਹਾਂ ਬੱਚਿਆਂ ਨੂੰ ਥਾਣੇ ਦੇ ਸਾਹਮਣੇ ਫੁੱਟਪਾਥ ਉੱਤੇ ਪੜ੍ਹਾਇਆ ਜਾਂਦਾ ਸੀ। ਇਸ ਬਾਰੇ ਥਾਣਾ ਮੁਖੀ ਮੁਕੇਸ਼ ਤਿਆਗੀ ਨੂੰ ਚਿੰਤਾ ਸੀ, ਕਿਉਕਿ ਬੱਚੇ ਟ੍ਰੈਫਿਕ ਦੇ ਬੜਾ ਨੇੜੇ ਬੈਠਦੇ ਸਨ। ਇਸ ਤੋਂ ਬਾਅਦ ਇਹਨਾਂ ਬੱਚਿਆਂ ਨੂੰ ਤਿਆਗੀ ਦੀ ਨਿਗਰਾਨੀ ਵਿਚ ਥਾਣੇ ਵਿਚ ਪੜ੍ਹਾਇਆ ਜਾਣ ਲੱਗਾ ਹੈ। ਇਹਨਾਂ ਬੱਚਿਆਂ ਨੂੰ ਹਿੰਦੀ, ਅੰਗਰੇਜੀ, ਮੈਥ ਦੇ ਨਾਲ ਇਤਿਹਾਸ ਤੇ ਸਾਇੰਸ ਦੇ ਵਿਸ਼ੇ ਵੀ ਪੜ੍ਹਾਏ ਜਾਂਦੇ ਹਨ।



ਪੁਲਿਸ ਦਾ ਸਮਰਥਨ ਤੇ ਸੁਰੱਖਿਆ ਹੋਣ ਕਾਰਨ ਬਹੁਤ ਸਾਰੇ ਮਾਂ-ਬਾਪ ਅਪਣੇ ਬੱਚੇ ਇਥੇ ਭੇਜਣ ਲੱਗੇ ਹਨ। ਲਗਭਗ 51 ਬੱਚੇ ਇਥੇ ਆਉਂਦੇ ਹਨ, ਜਿਨ੍ਹਾਂ ਲਈ ਸਿਰਫ ਇਹ ਥਾਣਾ ਹੀ ਨਹੀਂ, ਬਹੁਤ ਸਾਰੇ ਹੋਰ ਲੋਕ ਵੀ ਮਦਦਗਾਰ ਸਾਬਤ ਹੋਣ ਲੱਗੇ ਹਨ। ਕਿਸੇ ਨੇ ਬੱਚਿਆਂ ਨੂੰ ਲਿਜਾਣ ਲਈ 5000 ਰੁਪਏ ਦੇ ਕਿਰਾਏ ਉੱਤੇ ਵੈਨ ਲਵਾਈ ਹੈ ਅਤੇ ਕਿਸੇ ਨੇ ਬੱਚਿਆਂ ਨੂੰ ਸਕੂਲ ਬੈਗ ਦਿਤੇ ਹਨ। ਇਕ ਵਿਅਕਤੀ ਦੀ ਮਦਦ ਨਾਲ ਰੋਜ ਬੱਚਿਆਂ ਨੂੰ ਕੁਝ ਨਾ ਕੁਝ ਖਾਣ ਲਈ ਦਿਤਾ ਜਾਂਦਾ ਹੈ। ਇਹੀ ਨਹੀਂ, ਥਾਣੇ ਦਾ ਸਟਾਫ ਖ਼ਾਸਕਰ ਮਹਿਲਾ ਪੁਲਿਸ ਮੁਲਾਜ਼ਮ ਖਾਲੀ ਸਮੇਂ ਵਿਚ ਬੱਚਿਆਂ ਨੂੰ ਪੜ੍ਹਾ ਦੇਂਦੀਆਂ ਹਨ। ਬੱਚਿਆਂ ਨੂੰ ਤਿੰਨ ਸੈਸ਼ਨ ਵਿਚ ਪੜ੍ਹਾਇਆ ਜਾਂਦਾ ਹੈ। ਹਰ ਸੈਸ਼ਨ ਦੋ ਘੰਟੇ ਦਾ ਹੁੰਦਾ ਹੈ।

PLATINUM MORTGAGES
FOR ALL MORTGAGE NEEDS
QUICK MORTGAGE ARRANGEMENT
2ND MORTGAGE
- NO CREDIT CHECK
- NO APPLICATION FEE
- NO JOB INCOME VERIFICATION
- NO PROBLEM
1ST MORTGAGE Starting from 2.59 % OAC
SPECIAL RATES FOR REFINANCING
Professional & Quality Service Guaranteed
Kanwaljit S. Dhunna
Mortgage broker
416.301.1976
Email: kdhunna62@gmail.com
Lic # 11992 FSCO # M08002472
- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit
5 CHERRYCREST DR. #206 BRAMPTON L6P 3W4

FIRST CHOICE FINANCIAL LIMITED
TRUCK LOANS
ਟੱਰਕ ਲੌਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

Insurance
Punjab Insurance Inc
- Super Visa Insurance
- Life Insurance
- Disability Insurance
- Critical illness Insurance
- Mortgage Insurance
- RRSP (Retirement Plan)
- RESP (Education Plan)
- Visitor Insurance
- Health and Dental Plans..
- Travel Insurance
- Segregated Funds, TFSA
Harpinder Kaur
Insurance Advisor
416.452.7373
harpinderkaur@punjabinsurance.ca
www.punjabinsurance.ca

UPPAL LAW
FREE CONSULTATION !
Avtar Uppal Manager
Aman Uppal BARRISTER, SOLICITOR
IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)
OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)
Prices are subject to Taxes, do not include Government fees and service by appointment only.
Offer valid until 9/30/201
Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6



# ਅਮਰੀਕਾ 'ਚ ਦਸਤਾਰ ਬਾਰੇ ਨੀਤੀ ਬਦਲਣ ਲਈ ਮਜਬੂਰ ਕਰਨ ਵਾਲੇ ਗੁਰਿੰਦਰ ਸਿੰਘ 'ਤੇ ਫਿਲਮ ਬਣੇਗੀ

ਵਾਸ਼ਿੰਗਟਨ, 14 ਫਰਵਰੀ (ਪੋਸਟ ਬਿਊਰੋ)- ਅਮਰੀਕਾ ਵਿੱਚ ਦਸਤਾਰ ਪ੍ਰਤੀ ਆਪਣੀ ਨੀਤੀ ਬਦਲਣ ਲਈ ਸਰਕਾਰ ਦੇ ਅਧਿਕਾਰੀਆਂ ਨੂੰ ਮਜ਼ਬੂਰ ਕਰਨ ਵਾਲੇ ਭਾਰਤੀ ਮੂਲ ਦੇ ਅਮਰੀਕੀ ਸਿੱਖ ਸਮਾਜ ਸੇਵਕ ਗੁਰਿੰਦਰ ਸਿੰਘ ਖਾਲਸਾ ਦੀ ਸੱਚੀ ਕਹਾਣੀ 'ਤੇ ਇਕ ਛੋਟੀ ਫਿਲਮ ਬਣੇਗੀ। ਇਸ ਫਿਲਮ ਦਾ ਨਾਂਅ 'ਸਿੰਘ' ਹੋਵੇਗਾ।



ਪਤਾ ਲੱਗਾ ਹੈ ਕਿ ਇਹ ਫਿਲਮ ਅਮਰੀਕਾ ਦੀ ਇਕ 18 ਸਾਲਾ ਲੜਕੀ ਜੀਨਾ ਰੂਈਜ਼ ਵੱਲੋਂ ਬਣਾਈ ਜਾ ਰਹੀ ਹੈ। ਜੀਨਾ ਰੂਈਜ਼ ਇੰਡੀਆਨਾ ਨਾਲ ਸਬੰਧਤ ਇਕ ਵਿਦਿਆਰਥੀ ਤੇ ਅਦਾਕਾਰ ਹੈ। ਇਹ ਫਿਲਮ ਗੁਰਿੰਦਰ ਸਿੰਘ ਖਾਲਸਾ ਦੇ ਜੀਵਨ ਨਾਲ ਜੁੜੀ ਇਕ ਸੱਚੀ ਘਟਨਾ ਉਤੇ ਆਧਾਰਿਤ ਹੈ ਜਦੋਂ ਸਾਲ 2007 ਦੌਰਾਨ ਉਨ੍ਹਾਂ ਨੂੰ ਨਿਊਯਾਰਕ ਦੇ ਬੁਫੈਲੋ ਹਵਾਈ ਹੱਡੇ ਉੱਤੇ ਜਹਾਜ਼ 'ਤੇ ਚੜ੍ਹਨ ਤੋਂ ਰੋਕ ਦਿੱਤਾ ਗਿਆ ਸੀ। ਹਵਾਈ ਅੱਡੇ 'ਤੇ ਜਾਂਚ ਦੌਰਾਨ ਉਹ ਹਰੇਕ ਸੁਰੱਖਿਆ ਪੈਮਾਨੇ ਉੱਤੇ ਖਰੇ ਉਤਰੇ ਸਨ, ਇਸ ਦੇ ਬਾਵਜੂਦ ਹਵਾਈ ਅੱਡੇ ਅਧਿਕਾਰੀਆਂ ਨੇ ਉਨ੍ਹਾਂ ਨੂੰ ਆਪਣੀ ਦਸਤਾਰ ਉਤਾਰਨ ਲਈ ਕਿਹਾ ਸੀ, ਜਿਸ 'ਤੇ ਗੁਰਿੰਦਰ ਸਿੰਘ ਨੇ ਦਸਤਾਰ ਉਤਾਰਨ ਤੋਂ ਇਨਕਾਰ ਕਰ ਦਿੱਤਾ ਸੀ। ਇਸ ਕਾਰਨ ਹਵਾਈ ਅੱਡੇ ਦੇ ਅਧਿਕਾਰੀਆਂ ਨੇ ਉਨ੍ਹਾਂ ਨੂੰ ਜਹਾਜ਼ 'ਚ ਨਹੀਂ ਬੈਠਣ ਦਿੱਤਾ ਸੀ। ਇਸ ਘਟਨਾ ਤੋਂ ਬਾਅਦ ਉਨ੍ਹਾਂ ਨੇ ਇਕ ਮੁਹਿੰਮ ਸ਼ੁਰੂ ਕਰਕੇ ਇਹ ਮਾਮਲਾ ਅਮਰੀਕੀ ਪਾਰਲੀਮੈਂਟ ਦੇ ਧਿਆਨ 'ਚ ਲਿਆਂਦਾ ਜਿਸ ਕਾਰਨ ਅਮਰੀਕੀ ਭਰ ਦੇ ਹਵਾਈ ਅੱਡਿਆਂ 'ਤੇ ਦਸਤਾਰ ਪ੍ਰਤੀ ਨੀਤੀ ਨੂੰ ਬਦਲਣਾ ਪਿਆ। ਪਿੱਛੇ ਜਿਹੇ ਉਨ੍ਹਾਂ ਨੂੰ ਆਪਣੀ ਇਸ ਮੁਹਿੰਮ ਲਈ ਪ੍ਰਸਿੱਧ ਰੋਸਾ ਪਾਰਕਸ ਟ੍ਰੇਲਬਲੇਜ਼ਰ ਐਵਾਰਡ ਵੀ ਦਿੱਤਾ ਗਿਆ ਹੈ।

ਇਸ ਬਾਰੇ ਗੱਲਬਾਤ ਦੌਰਾਨ ਰੂਈਜ਼ ਨੇ ਕਿਹਾ ਕਿ ਇਸ ਤਰ੍ਹਾਂ ਦੀ ਇਤਿਹਾਸਕ ਘਟਨਾ, ਜਿਸ ਨੇ ਸਾਡੀ ਨੀਤੀ ਨੂੰ ਬਦਲਣ 'ਤੇ ਮਜ਼ਬੂਰ ਕਰ ਦਿੱਤਾ, ਉੱਤੇ ਫਿਲਮ ਬਣਾਉਣਾ ਸੱਚਮੁੱਚ ਮਾਣ ਦੀ ਗੱਲ ਹੈ। ਇਸ ਫਿਲਮ ਦੇ ਅਗਲੇ ਮਹੀਨੇ ਤੱਕ ਰਿਲੀਜ਼ ਹੋਣ ਦੀ ਸੰਭਾਵਨਾ ਹੈ। ਇਸ ਤੋਂ ਪਹਿਲਾਂ ਗੁਰਿੰਦਰ ਸਿੰਘ ਖਾਲਸਾ ਨੇ ਇਕ ਬਿਆਨ ਜਾਰੀ ਕਰਕੇ ਕਿਹਾ ਸੀ ਕਿ ਮੈਂ ਇਹ ਕਦਮ ਉਨ੍ਹਾਂ ਸਾਰਿਆਂ ਲਈ ਚੁੱਕਿਆ ਸੀ, ਜੋ ਧਾਰਮਿਕ ਆਜ਼ਾਦੀ 'ਚ ਵਿਸ਼ਵਾਸ ਰੱਖਦੇ ਹਨ। ਜ਼ਿਕਰ ਯੋਗ ਹੈ ਕਿ ਖਾਲਸਾ ਵਲੋਂ ਹਾਲ ਹੀ ਵਿੱਚ ਰਾਜਨੀਤੀ 'ਚ ਆਉਣ ਦਾ ਐਲਾਨ ਵੀ ਕੀਤਾ ਗਿਆ ਹੈ।

# ਅਮਰੀਕਾ ਨੇ ਆਪਣੇ ਨਾਗਰਿਕਾਂ ਨੂੰ ਪਾਕਿ ਜਾਣ ਤੋਂ ਪਹਿਲਾਂ ਸੋਚਣ ਨੂੰ ਕਿਹਾ

ਵਾਸ਼ਿੰਗਟਨ, 14 ਫਰਵਰੀ (ਪੋਸਟ ਬਿਊਰੋ)- ਅਮਰੀਕਾ ਦੀ ਸਰਕਾਰ ਨੇ ਆਪਣੇ ਨਾਗਰਿਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਏਸ਼ੀਆਈ ਦੇਸ਼ਾਂ ਦੇ ਦੌਰੇ ਲਈ ਅੱਤਵਾਦ ਅਤੇ ਪਾਕਿਸਤਾਨ ਦੇ ਅੰਦਰ ਅਤੇ ਆਲੇ ਦੁਆਲੇ ਦੇ ਸਿਵਲੀਅਨ ਹਵਾਈ ਜਹਾਜ਼ਾਂ ਦੇ ਖਤਰੇ ਬਾਰੇ ਇੱਕ ਵਾਰ ਫਿਰ ਵਿਚਾਰ ਕਰ ਲੈਣ ਤਾਂ ਉਨ੍ਹਾਂ ਲਈ ਚੰਗਾ ਹੋਵੇਗਾ।



ਫੈਡਰਲ ਏਵੀਏਸ਼ਨ ਪ੍ਰਸ਼ਾਸਨ ਨੇ ਇਸ ਬਾਰੇ ਨੋਟਿਸ ਜਾਰੀ ਕਰ ਕੇ ਕਿਹਾ ਹੈ ਕਿ ਅਤਿਵਾਦੀ ਗਰੁੱਪ ਪਾਕਿਸਤਾਨ ਵਿਚ ਸੰਭਾਵਿਤ ਹਮਲਿਆਂ ਦੀ ਯੋਜਨਾ ਬਣਾ ਰਹੇ ਹਨ। ਅਮਰੀਕਾ ਦੇ ਵਿਦੇਸ਼ ਮੰਤਰਾਲੇ ਨੇ ਤਾਜ਼ਾ ਦਿਸ਼ਾ ਨਿਰਦੇਸ਼ ਜਾਰੀ ਕੀਤੇ ਹਨ, ਜਿਸ ਵਿਚ ਉਹਨਾਂ ਕਿਹਾ ਕਿ ਅਤਿਵਾਦ ਕਾਰਨ ਪਾਕਿ-ਸਤਾਨ ਦੀ ਯਾਤਰਾ ਬਾਰੇ ਅਮਰੀਕੀ ਨਾਗਰਿਕ ਮੁੜ ਤੋਂ ਵਿਚਾਰ ਕਰ ਲੈਣ। ਉਸ ਨੇ ਅਪਣੇ ਨਾਗਰਿਕਾਂ ਨੂੰ ਅਤਿਵਾਦ ਅਤੇ ਹਥਿਆਰਬੰਦ ਸੰਘਰਸ਼ ਦੀ ਸੰਭਾਵਨਾ ਕਾਰਨ ਪੁਰਾਣੇ ਫੈਡਰਲ ਕਬਾਇਲੀ ਖੇਤਰ ਅਤੇ ਪਾਕਿ ਕਬਜ਼ੇ ਵਾਲੇ ਕਸ਼ਮੀਰ ਦੇ ਨਾਲ ਬਲੋਚਿਸਤਾਨ ਅਤੇ ਖੈਬਰ ਪਖਤੂਖ਼ਵਾ ਰਾਜ ਦੀ ਯਾਤਰਾ ਨਾ ਕਰਨ ਦਾ ਸੁਝਾਅ ਦਿਤਾ ਹੈ। ਮੰਤਰਾਲੇ ਦਾ ਕਹਿਣਾ ਹੈ ਕਿ ਅਤਿਵਾਦੀ ਗਰੁੱਪ ਪਾਕਿਸਤਾਨ ਵਿਚ ਹਮਲੇ ਕਰਨ ਦੀ ਯੋਜਨਾ ਬਣਾ ਰਹੇ ਹਨ ਤੇ ਅਤਿਵਾਦੀਆਂ ਵੱਲੋਂ ਟਰਾਂਸਪੋਰਟ ਹੱਬ, ਸ਼ਾਪਿੰਗ ਮਾਲ, ਫ਼ੌਜੀ ਸੰਸਥਾਵਾਂ, ਹਵਾਈ ਅੱਡਿਆਂ, ਯੂਨੀਵਰਸਿਟੀਆਂ, ਸੈਰ-ਸਪਾਟੇ ਦੀਆਂ ਥਾਵਾਂ, ਸਕੂਲਾਂ, ਹਸਪਤਾਲਾਂ ਅਤੇ ਪੂਜਾ ਵਾਲੀਆਂ ਥਾਂਵਾਂ ਸਮੇਤ ਸਰਕਾਰੀ ਕੇਂਦਰਾਂ ਨੂੰ ਨਿਸ਼ਾਨਾ ਬਣਾਏ ਜਾਣ ਦਾ ਖ਼ਤਰਾ ਹੈ। ਪਾਕਿ ਕਬਜ਼ੇ ਵਾਲੇ ਕਸ਼ਮੀਰ ਵਿਚ ਅਪਣੇ ਨਾਗਰਿਕਾਂ ਨੂੰ ਨਾ ਜਾਣ ਬਾਰੇ ਸਲਾਹ ਦਿੰਦੇ ਹੋਏ ਮੰਤਰਾਲੇ ਨੇ ਕਿਹਾ ਕਿ ਇਹ ਸੂਚਨਾ ਮਿਲੀ ਹੈ ਕਿ ਅਤਿਵਾਦੀ ਗਰੁੱਪ ਇਨ੍ਹਾਂ ਇਲਾਕਿਆਂ ਵਿਚ ਸਰਗਰਮ ਹਨ। ਮੰਤਰਾਲੇ ਨੇ ਕਿਹਾ ਕਿ ਭਾਰਤ ਤੇ ਪਾਕਿਸਤਾਨ ਵਿਚਕਾਰ ਹਥਿਆਰਬੰਦ ਤਾਕਤਾਂ ਦੇ ਸੰਘਰਸ਼ ਦਾ ਖ਼ਤਰਾ ਬਣਿਆ ਹੋਇਆ ਹੈ ਅਤੇ ਭਾਰਤ ਅਤੇ ਪਾਕਿ-ਸਤਾਨ ਵਿਚਾਲੇ ਕੰਟਰੋਲ ਰੇਖਾ ਉੱਤੇ ਲਗਾਤਾਰ ਫਾਇਰਿੰਗ ਹੁੰਦੀ ਰਹਿਦੀ ਹੈ।

# ਕਈ ਕਰੋੜ ਦੇ ਹਵਾਲਾ ਰਾਸ਼ੀ ਕੇਸ ਵਿੱਚ ਭਾਰਤੀ ਮੂਲ ਦੇ ਤਿੰਨ ਜਣੇ ਦੋਸ਼ੀ ਕਰਾਰ

ਨਿਊਯਾਰਕ, 14 ਫਰਵਰੀ (ਪੋਸਟ ਬਿਊਰੋ)- ਅਮਰੀਕਾ 'ਚ ਇਕ ਅਦਾਲਤ ਨੇ ਦੋ ਸਾਲਾਂ ਤੱਕ ਚੱਲਣ ਵਾਲੇ ਕਈ ਕਰੋੜ ਦੇ ਹਵਾਲਾ ਰਾਸ਼ੀ ਯੋਜਨਾ ਮਾਮਲੇ 'ਚ ਭੂਮਿਕਾ ਹੋਣ ਲਈ ਭਾਰਤੀ ਮੂਲ ਦੇ ਤਿੰਨ ਅਮਰੀਕੀਆਂ ਸਣੇ ਛੇ ਲੋਕਾਂ ਨੂੰ ਦੋਸ਼ੀ ਕਰਾਰ ਦਿੱਤਾ ਹੈ। ਅਮਰੀਕੀ ਨਿਆਂ ਵਿਭਾਗ ਨੇ ਦੱਸਿਆ ਕਿ ਰਵਿੰਦਰ ਰੇਡੀ ਗੁਡੀਪਤੀ (61), ਹਰਸ਼ ਜੱਗੀ (54) ਅਤੇ ਨੀਰੂ ਜੱਗੀ ਨੂੰ ਪੰਜ ਹਫਤੇ ਦੇ ਜਿਊਰੀ ਟਰੈਲ ਤੋਂ ਬਾਅਦ ਹਵਾਲਾ ਰਾਸ਼ੀ ਸਾਜ਼ਿਸ਼ ਦਾ ਦੋਸ਼ੀ ਮੰਨਿਆ ਗਿਆ ਹੈ। ਉਕਤ ਤਿੰਨ ਵਿਅਕਤੀ ਲਾਰੇਦੋ ਅਤੇ ਟੈਕਸਾਸ ਨਾਲ ਸਬੰਧਤ ਹਨ।



ਨਿਆਂ ਵਿਭਾਗ ਦੀ ਕਰਾਈਮ ਡਵੀਜ਼ਨ ਦੇ ਸਹਾਇਕ ਅਟਾਰਨੀ ਜਨਰਲ ਨੇ ਕਿਹਾ ਕਿ ਇਨ੍ਹਾਂ ਭਾਰਤੀ-ਅਮਰੀਕੀ ਲੋਕਾਂ ਤੋਂ ਇਲਾਵਾ ਤਿੰਨ ਹੋਰਨਾਂ ਨੂੰ ਵੀ ਇਸ ਮਾਮਲੇ 'ਚ ਦੋਸ਼ੀ ਠਹਿਰਾਇਆ ਗਿਆ ਹੈ, ਜੋ ਮੈਕਸੀਕੋ ਅਤੇ ਟੈਕਸਾਸ ਨਾਲ ਸਬੰਧਤ ਹਨ। ਹਰਸ਼ ਅਤੇ ਅਡਰੀਆ ਨੂੰ ਹਵਾਲਾ ਰਾਸ਼ੀ ਦੇ ਦੋ ਕੇਸਾਂ 'ਚ ਦੋਸ਼ੀ ਠਹਿਰਾਇਆ ਗਿਆ ਹੈ ਅਤੇ ਨੀਰੂ ਜੱਗੀ ਹਵਾਲਾ ਰਾਸ਼ੀ ਦੇ ਇਕ ਹੋਰ ਮਾਮਲੇ 'ਚ ਦੋਸ਼ੀ ਸਿੱਧ ਹੋਇਆ ਹੈ। ਉਕਤ ਛੇ ਵਿਅਕਤੀ ਇਕ ਹਵਾਲਾ ਰਾਸ਼ੀ ਯੋਜਨਾ ਦਾ ਹਿੱਸਾ ਸਨ, ਜਿਸ 'ਚ ਧਨ ਦੀ ਵਰਤੋਂ ਨਸ਼ਾ ਵਿਕਰੀ ਆਦਿ ਕੰਮਾਂ ਲਈ ਹੁੰਦੀ ਸੀ। ਅਦਾਲਤ 'ਚ ਪੇਸ਼ ਸਬੂਤਾਂ ਅਨੁਸਾਰ ਸਾਲ 2011 ਤੋਂ 2013 ਤੱਕ ਇਹ ਕੰਮ ਚੱਲਦਾ ਰਿਹਾ। ਇਸ ਕੰਮ ਦੌਰਾਨ ਅਮਰੀਕੀ ਕਰੰਸੀ ਕਾਰਾਂ, ਕਮਰਸ਼ੀਅਲ ਬੱਸਾਂ, ਕਮਰਸ਼ੀਅਲ ਅਤੇ ਨਿੱਜੀ ਜਹਾਜ਼ਾਂ ਰਾਹੀਂ ਵੀ ਇਕ ਥਾਂ ਤੋਂ ਦੂਜੇ ਥਾਂ ਪਹੁੰਚਾਈ ਜਾਂਦੀ ਰਹੀ ਹੈ।

# ਜਲਵਾਯੂ ਦੀ ਵੱਡੀ ਤਬਦੀਲੀ ਬੰਗਾਲ ਟਾਈਗਰ ਲਈ ਖਤਰਨਾਕ ਹੋਵੇਗੀ

ਮੈਲਬਰਨ, 14 ਫਰਵਰੀ (ਪੋਸਟ ਬਿਊਰੋ)- ਵਿਗਿਆਨਕਾਂ ਨੇ ਸਾਲ 2070 ਤੱਕ ਧਰਤੀ ਤੋਂ ਬੰਗਾਲ ਟਾਈਗਰ ਦੇ ਪੂਰੀ ਤਰ੍ਹਾਂ ਖਤਮ ਹੋ ਜਾਣ ਦੀ ਸ਼ੰਕਾ ਪ੍ਰਗਟਾਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਅਦਭੁੱਤ ਜੀਵ ਦਾ ਮੁੱਖ ਕੁਦਰਤੀ ਟਿਕਾਣਾ ਸੁੰਦਰਬਨ ਇਸ ਵਕਤ ਖਤਰੇ ਵਿੱਚ ਹੈ। ਜਲਵਾਯੂ ਤਬਦੀਲੀ ਕਾਰਨ ਸਮੁੰਦਰ ਦੇ ਪਾਣੀ ਦਾ ਪੱਧਰ ਵਧਣ ਨਾਲ ਦੁਨੀਆ ਦਾ ਸਭ ਤੋਂ ਵੱਡਾ ਨਦੀ ਡੈਲਟਾ ਸੁੰਦਰਬਨ ਨਸ਼ਟ ਹੋ ਜਾਵੇਗਾ।



ਗੰਗਾ, ਬ੍ਰਹਮਪੱਤਰ ਅਤੇ ਬੰਗਲਾਦੇਸ਼ ਦੀ ਮੇਘਨਾ ਨਦੀ ਤੋਂ ਬਣਦਾ ਇਹ ਡੈਲਟਾ 10 ਹਜ਼ਾਰ ਵਰਗ ਕਿਲੋਮੀਟਰ ਦੇ ਕਰੀਬ ਫੈਲਿਆ ਹੈ। ਯੂਨੈਸਕੋ ਨੇ ਇਸ ਖੇਤਰ ਨੂੰ ਵਿਸ਼ਵ ਵਿਰਾਸਤ ਦੀ ਸੂਚੀ ਵਿੱਚ ਸ਼ਾਮਲ ਕੀਤਾ ਹੈ। ਦੁਨੀਆ ਦੇ ਸਭ ਤੋਂ ਵੱਡੇ ਮੈਂਗਰੋਵ ਜੰਗਲ ਨਾਲ ਘਿਰਿਆ ਇਹ ਖੇਤਰ ਖਤਮ ਹੋਣ ਕੰਢੇ ਖੜੇ ਸ਼ੇਰਾਂ ਦੀ ਖਾਸ ਨਸਲ ਬੰਗਾਲ ਟਾਈਗਰ ਦਾ ਘਰ ਹੈ। ਆਸਟਰੇਲੀਆ ਦੀ ਜੇਮਸ ਕੁੱਕ ਯੂਨੀਵਰਸਿਟੀ ਦੇ ਵਿਗਿਆਨਕ ਬਿਲ ਲਾਰੈਂਸ ਦੇ ਮੁਤਾਬਕ ਫਿਲਹਾਲ 4000 ਬੰਗਾਲ ਟਾਈਗਰ ਹੀ ਬਚੇ ਹਨ। ਕਈ ਸਾਲ ਪਹਿਲਾਂ ਭਾਰੀ ਗਿਣਤੀ ਵਿੱਚ ਪਾਇਆ ਜਾਣ ਵਾਲਾ ਇਹ ਜੀਵ ਇਸ ਵਕਤ ਭਾਰਤ ਅਤੇ ਬੰਗਲਾਦੇਸ਼ ਦੇ ਡੈਲਟਾ ਖੇਤਰ ਵਿੱਚ ਸਿਮਟ ਗਿਆ ਹੈ। ਸਮੁੰਦਰ ਤਲ ਅਤੇ ਜਲਵਾਯੂ ਤਬਦੀਲੀ ਦੇ ਨਾਲ ਹੋਰ ਕਾਰਨਾਂ ਦਾ ਵਿਸ਼ਲੇਸ਼ਣ ਕਰਕੇ ਖੋਜਕਰਤਾਵਾਂ ਨੇ ਵੇਖਿਆ ਕਿ 50 ਸਾਲਾਂ ਵਿੱਚ ਇਹ ਜੀਵ ਧਰਤੀ ਤੋਂ ਖਤਮ ਹੋ ਜਾਵੇਗਾ। ਕੁਦਰਤੀ ਕਾਰਨਾਂ ਦੇ ਇਲਾਵਾ ਸੁੰਦਰਬਨ ਦੇ ਆਸਪਾਸ ਹੋ ਰਿਹਾ ਉਦਯੋਗਿਕ ਵਿਕਾਸ ਅਤੇ ਨਾਜਾਇਜ਼ ਸ਼ਿਕਾਰ ਸ਼ੇਰਾਂ ਦੀ ਘੱਟ ਰਹੀ ਗਿਣਤੀ ਦਾ ਮੁੱਖ ਕਾਰਨ ਹੈ। ਲਾਰੈਂਸ ਦਾ ਕਹਿਣਾ ਹੈ ਕਿ ਸ਼ਿਕਾਰ ਅਤੇ ਅੰਨ੍ਹੇਵਾਹ ਵਿਕਾਸ ਦੀ ਗਤੀ ਨੂੰ ਰੋਕ ਕੇ ਡੈਲਟਾ 'ਤੇ ਜਲਵਾਯੂ ਤਬਦੀਲੀ ਦੇ ਉਲਟ ਪ੍ਰਭਾਵ ਨੂੰ ਘੱਟ ਕੀਤਾ ਜਾ ਸਕਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸੁੰਦਰਬਨ ਵਰਗੀ ਕੋਈ ਥਾਂ ਧਰਤੀ 'ਤੇ ਹੋਰ ਕਿਤੇ ਨਹੀਂ ਹੈ। ਇਸ ਲਈ ਇਸ ਨੂੰ ਸੁਰੱਖਿਅਤ ਰੱਖਣਾ ਬਹੁਤ ਜ਼ਰੂਰੀ ਹੈ।

# ਪਾਕਿ ਦੀ ਆਰਥਿਕ ਮਦਦ ਕਰਦੇ ਸਾਊਦੀ ਅਰਬ ਨੂੰ ਵੀ ਮੁਸ਼ਕਲ ਬਣੀ

* ਯੂਰਪੀ ਯੂਨੀਅਨ ਨੇ ਸਾਊਦੀ ਅਰਬ ਕਾਲੀ ਸੂਚੀ ਵਿੱਚ ਪਾਇਆ

ਸਟਰਾਸਬਰਗ, 14 ਫਰਵਰੀ (ਪੋਸਟ ਬਿਊਰੋ)- ਯੂਰਪੀ ਯੂਨੀਅਨ (ਈ ਯੂ) ਨੇ ਅੱਤਵਾਦੀ ਫੰਡਿੰਗ ਅਤੇ ਮਨੀ ਲਾਂਡਰਿੰਗ ਨਾਲ ਜੁੜੀ ਕਾਲੀ ਸੂਚੀ ਵਿਚ ਪਾਕਿਸਤਾਨ ਦੇ ਬਾਅਦ ਸਾਊਦੀ ਅਰਬ ਨੂੰ ਵੀ ਪਾ ਦਿੱਤਾ ਹੈ। ਇਸ ਸੂਚੀ ਵਿਚ ਅਮਰੀਕਾ ਦੇ ਚਾਰ ਖੇਤਰ ਵੀ ਸ਼ਾਮਲ ਕੀਤੇ ਗਏ ਹਨ। ਇਸ ਸੂਚੀ ਵਿਚ ਪਾਏ ਗਏ ਦੇਸ਼ਾਂ ਨੂੰ ਯੂਰਪੀ ਯੂਨੀਅਨ ਖਤਰਾ ਮੰਨਦਾ ਹੈ ਅਤੇ ਇਸ ਸੂਚੀ ਵਿਚ ਸ਼ਾਮਲ ਕੀਤੇ ਗਏ ਦੇਸ਼ਾਂ ਦੀ ਗਿਣਤੀ 23 ਹੋ ਗਈ ਹੈ।

ਮਿਲੀ ਜਾਣਕਾਰੀ ਅਨੁਸਾਰ ਯੂਰਪੀ ਯੂਨੀਅਨ ਨੇ ਏਡਾ ਕਦਮ ਆਪਣੇ ਬੈਂਕਾਂ ਵਿਚ ਹੋਏ ਘਪਲੇ ਦੇ ਬਾਅਦ ਮਨੀ ਲਾਂਡਰਿੰਗ ਉੱਤੇ ਕੀਤੀ ਕਾਰਵਾਈ ਵਜੋਂ ਚੁੱਕਿਆ ਹੈ। ਸੂਚੀ ਵਿਚ ਸਾਮਲ ਕੀਤੇ ਦੇਸ਼ਾਂ ਵਿਚ ਅੱਤਵਾਦੀ ਫੰਡਿੰਗ ਅਤੇ ਮਨੀ ਲਾਂਡਰਿੰਗ ਰੋਕਣ ਦੇ ਉਪਾਵਾਂ ਵਿਚ ਰਣਨੀਤਕ ਘਾਟਾਂ ਨਿਕਲੀਆਂ ਹਨ। ਯੂਰਪੀ ਯੂਨੀਅਨ ਦੀ ਜਸਟਿਸ ਕਮਿਸ਼ਨਰ ਵੇਰਾ ਜੋਰੋਵਾ ਨੇ ਅੱਜ ਕਿਹਾ, 'ਸੂਚੀ ਉੱਤੇ ਮੋਹਰ ਲਾਉਣ ਲਈ ਯੂਰਪੀ ਯੂਨੀਅਨ ਦੇ 28 ਦੇਸ਼ਾਂ ਕੋਲ ਇਕ ਮਹੀਨੇ ਦਾ ਸਮਾਂ ਹੈ। ਇਸ ਮਿਆਦ ਨੂੰ ਵਧਾ ਕੇ 2 ਮਹੀਨੇ ਕੀਤਾ ਜਾ ਸਕਦਾ ਹੈ।' ਵੇਰਾ ਜੋਰੋਵਾ ਨੇ ਕਿਹਾ ਕਿ ਉਹ ਇਸ ਸੂਚੀ ਨੂੰ ਉਹ ਬਹੁਮਤ ਨਾਲ ਰੱਦ ਕਰ ਸਕਦੇ ਹਨ, ਪਰ ਏਦਾਂ ਨਹੀਂ ਕਰਨਗੇ। ਇਸ ਨਵੀਂ ਸੂਚੀ ਵਿਚ ਪਨਾਮਾ, ਲੀਬੀਆ, ਬੋਤਸਵਾਨਾ, ਘਾਨਾ, ਸਮੋਆ ਤੇ ਬਹਾਮਾਸ ਨਾਲ ਅਮਰੀਕਾ ਦੇ ਚਾਰ ਖੇਤਰ ਅਮੈਰੀਕਨ ਸਮੋਆ, ਵਰਜ਼ਿਨ ਟਾਪੂ, ਪਿਊਰਟੋ ਰੀਕੋ ਅਤੇ ਗੁਆਨਾ ਸ਼ਾਮਲ ਕੀਤੇ ਗਏ ਹਨ। ਇਸ ਸੂਚੀ ਵਿਚ ਪਹਿਲਾਂ ਤੋਂ ਪਾਕਿਸਤਾਨ, ਅਫਗਾਨਿਸਤਾਨ, ਉੱਤਰੀ ਕੋਰੀਆ, ਇਥੋਪੀਆ, ਈਰਾਨ, ਇਰਾਕ, ਸ਼੍ਰੀਲੰਕਾ, ਸੀਰੀਆ, ਤ੍ਰਿਨਿਦਾਦ ਅਤੇ ਟੋਬੈਗੋ, ਟਿਊਨੀਸ਼ੀਆ ਤੇ ਯਮਨ ਸ਼ਾਮਲ ਹਨ।

# ਹੈਕਰਜ਼ ਨੇ 16 ਵੈੱਬਸਾਈਟਸ ਤੋਂ 62 ਕਰੋੜ ਲੋਕਾਂ ਦਾ ਡਾਟਾ ਚੋਰੀ ਕੀਤਾ

ਲੰਡਨ, 14 ਫਰਵਰੀ (ਪੋਸਟ ਬਿਊਰੋ)- ਲੋਕਾਂ ਦੇ ਡਾਟਾ ਵਿਚ ਹੈਕਰਜ਼ ਵੱਲੋਂ ਵੱਡੀ ਸੰਨ੍ਹ ਲਾਏ ਜਾਣ ਦੀ ਖਬਰ ਆਈ ਹੈ। ਇਕ ਰਿਪੋਰਟ ਮੁਤਾਬਕ ਇਕ ਹੈਕਰ ਨੇ 16 ਵੈੱਬਸਾਈਟਸ ਤੋਂ 61.7 ਕਰੋੜ ਲੋਕਾਂ ਦੀਆਂ ਸੂਚਨਾਵਾਂ ਚੋਰੀ ਕਰ ਕੇ ਇਨ੍ਹਾਂ ਨੂੰ ਡਾਰਕ ਵੈੱਬ ਉੱਤੇ ਵਿਕਰੀ ਲਈ ਰੱਖਿਆ ਹੈ। ਇਨ੍ਹਾਂ ਲਈ ਕ੍ਰਿਪਟੋਕਰੰਸੀ ਬਿਟਕਾਈਨ ਦਾ ਭੁਗਤਾਨ ਮੰਗਿਆ ਗਿਆ ਤੇ ਕੀਮਤ 20,000 ਡਾਲਰ ਰੱਖੀ ਗਈ ਹੈ। ਰਿਪੋਰਟ ਮੁਤਾਬਕ ਚੋਰੀ ਕੀਤੀਆਂ ਸੂਚਨਾਵਾਂ ਵਿਚ ਇਨ੍ਹਾਂ ਵੈੱਬਸਾਈਟਸ ਦੇ ਅਕਾਊਂਟ ਹੋਲਡਰ ਦਾ ਨਾਂ, ਈਮੇਲ ਐਡਰੈੱਸ ਅਤੇ ਪਾਸਵਰਡ ਸ਼ਾਮਲ ਹਨ।

ਕਿ ਤੁਸੀ Auto ਤੇ Home Insurance ਦੀਆਂ ਵਡੀਆਂ ਕਿਸ਼ਤਾਂ ਤੋਂ ਪਰੇਸ਼ਾਨ ਹੋ? Insurance ਕਰਵਾਈ ਸੀ ਪਰ ਬਣੀ ਨੀ ਗੱਲ?
ਤਾਂ ਘਬਰਾਓ ਨਾ ਸੁਜੀਤ ਮਾਜੁਮਦਾਰ ਨੂੰ ਕਾਲ ਕਰੋ ਤੇ ਆਪਣੇ ਪੈਸੇ ਬਚਾਓ!
If you have 'G' license, 3 years experience & a clean record call today for the lowest & best insurance rates
Sujit Majumdar
Agent
Cell: 647-292-1996
Paying too much for auto insurance?
Call today for best & low rates!
27 Rean Drive, Unit 11,
Toronto, ON M2K 0A6

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000
Services:
- Complete Basement
- Tiles
- Bathrooms
- Plumbing
- Laminate
- Hardwood Floor
- Painting
A-1 RENOVATION GTA INC.
22 Listcreek Road, Brampton L6p 2n6

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Road – See Kamal 905-458-4733
80 West Drive – See Ravinder 905-450-7200
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

Honesty, Reliability, Commitment
HIRA RANDHWA
Broker
Dir:416.319.0551 Off:905.913.8585
- 1 yr Home Warranty
- 40% Discount on Brand Name Appliances & Furniture
- Free Evaluation & Lowest Commission
OPEN HOUSE UNTIL SOLD
Silvercity
www.HiraRandhawa.com
hirarandhawa@yahoo.ca
Brampton $579,900 – Hwy 10/Wlm Pkwy – 3 Bedroom, 3W/R, 1Bedroom Basement Detached, Freshly Painted, Modern Kitchen, Granite Counter Tops And Walk Out To Large Private Yard Perfect For Pvt. BBQ's
Malton $589,900 – Airport Rd/Steeles – 3 Bedroom, Semi-Detached, 3 Full Washrooms, Newly Painted, New Concrete Patio for summer BBQ, Newly Renovated 1 Bed Room Basmt. With Separate-Entrance
Malton $599,000 – Airport Rd/ Morning Star Dr – 4BR, 3WR, Large Lot, 3 Separate Apartments, Fully Renovated, 1BR Basmt.with Sep. Ent., Excellent For Investment Or Personal use, walk to Stores, Transportation, Sikh Temple
Brampton $729,000 – KingKnoll And Mclaughlin – 4Bed Rooms, 4Wash Rooms,2 Bed Room Basement, Close to Schools Sheridan College, Parks Shoppers World,Liabrary, Parks, Sikh Temple
Call For:
RESP, SUPER -VISA,& TRAVEL
Insurance
H.Randhawa
416-319-0551

MICHELIN Hankook Continental ROADLUX BFGoodrich AEOLUS
BEST TRUCK REPAIR & TIRE CENTRE
We also Specialize in Engine, Transmission, Differential Rebuild, Safety Inspection & All Kinds of Electric Work
ਟਰੱਕਾਂ ਦੇ ਟਾਇਰਾਂ ਤੇ ਇੰਜਣ /ਬੰਕ ਹੀਟਰ ਤੇ ਭਾਰੀ ਸੇਲ
7 ਦਿਨ ਖੁੱਲਾ
SPECIAL ON TRUCK ALIGNMENT BRAND NEW MACHINES 2018
Brake & Drum -Made in U.S
- On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
Winter Sale Dhamaka
Chevron Delo
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

ਡਾਕ ਵਿਭਾਗ ਦਾ ਕਮਾਲ

# ਫਰੀਦਕੋਟ ਜਾਣ ਵਾਲਾ ਪਾਰਸਲ ਚੀਨ ਪਹੁੰਚ ਗਿਆ




ਚੰਡੀਗੜ੍ਹ, 14 ਫਰਵਰੀ (ਪੋਸਟ ਬਿਊਰੋ)- ਸਿਰਫ ਇੱਕ ਅੱਖਰ ਨੂੰ ਸਮਝਣ ਦੀ ਗਲਤੀ ਨਾਲ ਪੰਜਾਬ ਦੇ ਇੱਕ ਨੂੰ ਜਾਣ ਵਾਲਾ ਪਾਰਸਲ ਚੀਨ ਪਹੁੰਚ ਗਿਆ। ਇਹ ਡਾਕ ਮਹਿਕਮੇ ਦਾ ਕਮਾਲ ਹੀ ਤਾਂ ਹੈ।

ਚੰਡੀਗੜ੍ਹ ਦੀ ਇੱਕ ਮਹਿਲਾ ਨੇ ਫਰੀਦਕੋਟ ਵਿੱਚ ਆਪਣੀ ਮਾਂ ਲਈ ਬਲੱਡ ਪ੍ਰੈਸ਼ਰ ਦੀ ਦਵਾਈ ਪਾਰਸਲ ਦੇ ਰਾਹੀਂ ਭੇਜੀ ਸੀ, ਪਰ ਪਿੰਡ ਦਾ ਨਾਮ ਸਮਝਣ ਵਿੱਚ ਗਲਤੀ ਨਾਲ ਪਾਰਸਲ ਚੀਨ ਦੀ ਰਾਜਧਾਨੀ ਪੇਈਚਿੰਗ ਵਿੱਚ ਪਹੁੰਚ ਗਿਆ। ਮਨੀਮਾਜਰਾ ਦੀ ਵਾਸੀ ਬਲਵਿੰਦਰ ਕੌਰ ਦੀ ਸ਼ਿਕਾਇਤ ਉੱਤੇ ਜ਼ਿਲ੍ਹਾ ਖਪਤਕਾਰ ਫੋਰਮ ਨੇ ਸੈਕਟਰ 17 ਦੇ ਡਾਕਘਰ ਤੋਂ ਜਵਾਬ ਮੰਗਿਆ ਤਾਂ ਡਾਕਘਰ ਨੇ ਦੱਸਿਆ ਕਿ ਪਤੇ ਵਿੱਚ ਫਰੀਦਕੋਟ ਜ਼ਿਲ੍ਹੇ ਦੀ ਜੈਤੋ ਤਹਿਸੀਲ ਦਾ ਚੈਨਾ ਪਿੰਡ ਦਾ ਨਾਮ ਦਰਜ ਸੀ, ਜਿਸ ਨੂੰ ਗਲਤੀ ਨਾਲ ਚੀਨ ਸਮਝ ਲਿਆ ਗਿਆ ਸੀ। ਬਲਵਿੰਦਰ ਕੌਰ ਨੇ ਦੱਸਿਆ ਕਿ ਉਨ੍ਹਾਂ ਨੇ ਡਾਕਘਰ ਦੀ ਰਾਜ-ਮਹਿਲ ਬ੍ਰਾਂਚ ਤੋਂ ਪਾਰਸਲ 18 ਜਨਵਰੀ ਨੂੰ ਰਜਿਸਟਰਡ ਪੋਸਟ ਨਾਲ ਭੇਜਿਆ। ਇਹ ਚੰਡੀਗੜ੍ਹ ਤੋਂ ਦਿੱਲੀ ਗਿਆ ਅਤੇ ਉਥੋਂ ਚੀਨ ਚਲਾ ਗਿਆ। 19 ਤੋਂ 27 ਜਨਵਰੀ ਤੱਕ ਪੇਈਚਿੰਗ ਵਿੱਚ ਰਹਿਣ ਪਿੱਛੋਂ 31 ਜਨਵਰੀ ਨੂੰ ਫਿਰ ਪਾਰਸਲ ਮੇਰੇ ਘਰ ਪਹੁੰਚ ਗਿਆ, ਜਿਸ ਦੇ ਲਈ ਡਾਕਘਰ ਦੇ ਅਧਿਕਾਰੀ ਜ਼ਿੰਮੇਵਾਰ ਹਨ।

ਡਾਕਘਰ ਦੇ ਅਧਿਕਾਰੀਆਂ ਨੇ ਆਪਣੀ ਕਿਸੇ ਤਰ੍ਹਾਂ ਦੀ ਗਲਤੀ ਮੰਨਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਨੇ ਆਪਣੇ ਬਚਾਅ ਵਿੱਚ ਕਿਹਾ ਕਿ ਡਾਕਘਰ ਐਕਟ ਹੇਠ ਕੇਂਦਰ ਸਰਕਾਰ ਜਾਂ ਇਸ ਦਾ ਕੋਈ ਪੋਸਟਲ ਅਧਿਕਾਰੀ ਪੋਸਟ ਦੇ ਜ਼ਰੀਏ ਹੋਣ ਵਾਲੀ ਡਲਿਵਰੀ ਦੀ ਦੇਰੀ, ਗੁਆਚ ਜਾਣ ਲਈ ਜ਼ਿੰਮੇਵਾਰ ਨਹੀਂ ਹੁੰਦਾ।

# ਸਾਬਕਾ ਰਾਸ਼ਟਰਪਤੀ ਪ੍ਰਣਬ ਮੁਕਰਜੀ ਦੀ ਧੀ ਨੇ ਦਿੱਲੀ ਕਾਂਗਰਸ ਦਾ ਅਹੁਦਾ ਛੱਡਿਆ



ਨਵੀਂ ਦਿੱਲੀ, 14 ਫਰਵਰੀ (ਪੋਸਟ ਬਿਊਰੋ)- ਸੀਨੀਅਰ ਕਾਂਗਰਸੀ ਆਗੂ ਤੇ ਸਾਬਕਾ ਰਾਸ਼ਟਰਪਤੀ ਪ੍ਰਣਾਬ ਮੁਖਰਜੀ ਦੀ ਬੇਟੀ ਸ਼ਰਮਿਸ਼ਠਾ ਮੁਖਰਜੀ ਨੇ ਦਿੱਲੀ ਕਾਂਗਰਸ ਦੇ ਮੀਡੀਆ ਇੰਚਾਰਜ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ, ਪਰ ਉਹ ਪ੍ਰਦੇਸ਼ ਮਹਿਲਾ ਪ੍ਰਧਾਨ ਦਾ ਅਹੁਦਾ ਸੰਭਾਲਦੀ ਰਹੇਗੀ। ਅਸਤੀਫ਼ੇ ਦਾ ਕਾਰਨ ਉਨ੍ਹਾਂ ਨੇ ਆਪਣੇ ਰੁਝੇਵੇਂ ਦੱਸੇ ਹਨ, ਪਰ ਪਤਾ ਲੱਗਾ ਹੈ ਕਿ ਉਹ ਚੋਣ ਕਮੇਟੀਆਂ ਵਿੱਚ ਥਾਂ ਨਾ ਮਿਲਣ ਤੋਂ ਨਾਰਾਜ਼ ਹਨ।

ਅੱਜ ਵੀਰਵਾਰ ਨੂੰ ਦਿੱਲੀ ਕਾਂਗਰਸ ਨੇ ਲੋਕ ਸਭਾ ਚੋਣਾਂ ਦੇ ਲਈ ਸੱਤ ਕਮੇਟੀਆਂ ਬਣਾਈਆਂ, ਪਰ ਸ਼ਰਮਿਸ਼ਠਾ ਨੂੰ ਕਿਸੇ ਵੀ ਕਮੇਟੀ ਵਿੱਚ ਥਾਂ ਨਹੀਂ ਦਿੱਤੀ ਗਈ। ਹੋਰ ਤਾਂ ਹੋਰ, ਮੀਡੀਆ ਤਾਲਮੇਲ ਕਮੇਟੀ ਦਾ ਪ੍ਰਧਾਨ ਵੀ ਪ੍ਰਦੇਸ਼ ਕਾਂਗਰਸ ਪ੍ਰਧਾਨ ਸ਼ੀਲਾ ਦੀਕਸ਼ਤ ਨੇ ਭਰੋਸੇਮੰਦ ਸਾਥੀ ਤੇ ਸਾਬਕਾ ਮੰਤਰੀ ਰਮਾਕਾਂਤ ਗੋਸਵਾਮੀ ਨੂੰ ਬਣਾ ਦਿੱਤਾ ਹੈ। ਇਸ ਅਣਦੇਖੀ ਤੋਂ ਸ਼ਰਮਿਸ਼ਠਾ ਦੁਖੀ ਹੋਈ ਅਤੇ ਇਸ ਦੇ ਵਿਰੋਧ ਵਿੱਚ ਉਨ੍ਹਾਂ ਨੇ ਦਿੱਲੀ ਕਾਂਗਰਸ ਦੀ ਪ੍ਰਧਾਨ ਸ਼ੀਲਾ ਦੀਕਸ਼ਤ ਨੂੰ ਮਿਲ ਕੇ ਮੀਡੀਆ ਇੰਚਾਰਜ ਦੇ ਅਹੁਦੇ ਤੋਂ ਅਸਤੀਫ਼ਾ ਸੌਂਪ ਦਿੱਤਾ। ਇਸ ਮੌਕੇ ਕੁਝ ਪੱਤਰਕਾਰਾਂ ਨਾਲ ਗੱਲਬਾਤ ਵਿੱਚ ਸ਼ਰਮਿਸ਼ਠਾ ਨੇ ਅਸਤੀਫ਼ੇ ਦੀ ਪੁਸ਼ਟੀ ਕੀਤੀ ਅਤੇ ਕਿਹਾ ਕਿ ਮੀਡੀਆ ਤਾਲਮੇਲ ਕਮੇਟੀ ਦਾ ਪ੍ਰਧਾਨ ਕਿਸੇ ਹੋਰ ਨੂੰ ਬਣਾ ਦਿੱਤਾ ਗਿਆ ਹੈ ਤਾਂ ਮੇਰੇ ਲਈ ਇਸ ਅਹੁਦੇ ਉੱਤੇ ਬਣੇ ਰਹਿਣ ਨਾਲ ਕਿਤੇ ਨਾ ਕਿਤੇ ਰੁਕਾਵਟਾਂ ਪੈਣੀਆਂ ਸਨ, ਇਸੇ ਲਈ ਮੈਨੂੰ ਅਹੁਦਾ ਛੱਡਣ ਵਿੱਚ ਸਮਝਦਾਰੀ ਲੱਗੀ, ਪਰ ਮੈਂ ਪ੍ਰਦੇਸ਼ ਮਹਿਲਾ ਕਾਂਗਰਸ ਦੇ ਪ੍ਰਧਾਨ ਦੀ ਜ਼ਿੰਮੇਵਾਰੀ ਨਿਭਾਈ ਜਾਵਾਂਗੀ। ਇਸ ਦੇ ਬਾਵਜੂਦ ਸ਼ਰਮਿਸ਼ਠਾ ਨੇ ਨਾਰਾਜ਼ਗੀ ਵਾਲੀ ਗੱਲ ਤੋਂ ਇਨਕਾਰ ਕੀਤਾ ਤੇ ਕਿਹਾ ਕਿ ਚੋਣ ਕਮੇਟੀਆਂ ਵਿੱਚ ਕਿਸ ਨੂੰ ਰੱਖਣਾ ਹੈ ਅਤੇ ਕਿਸ ਨੂੰ ਨਹੀਂ, ਇਹ ਪ੍ਰਦੇਸ਼ ਪ੍ਰਧਾਨ ਦਾ ਵਿਸ਼ੇਸ਼ ਅਧਿਕਾਰ ਹੈ।

# ਜਸਟਿਸ ਰਣਜੀਤ ਸਿੰਘ ਇਸ ਵੇਲੇ ਕਮਿਸ਼ਨ ਨਹੀਂ ਤਾਂ ਸ਼ਿਕਾਇਤ ਕਿਵੇਂ ਕਰ ਸਕਦੇ ਹਨ: ਹਾਈ ਕੋਰਟ




ਚੰਡੀਗੜ੍ਹ, 14 ਫਰਵਰੀ (ਪੋਸਟ ਬਿਊਰੋ)- ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਵਿਧਾਇਕ ਬਿਕਰਮ ਸਿੰਘ ਮਜੀਠੀਆ ਵੱਲੋਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੇ ਲਈ ਅਪਮਾਨ ਜਨਕ ਟਿੱਪਣੀਆਂ ਕਰਨ ਦੀ ਸ਼ਿਕਾਇਤ ਉੱਤੇ ਕੱਲ੍ਹ ਹਾਈ ਕੋਰਟ ਨੇ ਕਮਿਸ਼ਨ ਦੀ ਨਿਯੁਕਤ ਵਾਲਾ ਨੋਟਿਸ ਤਲਬ ਕੀਤਾ ਹੈ।

ਜਸਟਿਸ ਅਮਿਤ ਰਾਵਲ ਨੇ ਕਿਹਾ ਕਿ ਉਹ ਰਿਟਾਇਰਡ ਜਸਟਿਸ ਰਣਜੀਤ ਸਿੰਘ ਨੂੰ ਕਮਿਸ਼ਨ ਮੈਂਬਰ ਨਿਯੁਕਤ ਕਰਨ ਦਾ ਨੋਟਿਸ ਦੇਖਣਾ ਚਾਹੁੰਦੇ ਹਨ। ਕੋਰਟ ਨੇ ਪਟੀਸ਼ਨ ਦਾਇਰ ਕਰਨ ਦੇ ਅਧਿਕਾਰ 'ਤੇ ਸਵਾਲ ਉਠਾਉਂਦੇ ਹੋਏ ਕਿਹਾ ਕਿ ਉਹ ਦੇਖਣਾ ਚਾਹੁੰਦੇ ਹਨ ਕਿ ਕੀ ਅਪਰਾਧਕ ਸ਼ਿਕਾਇਤ ਉੱਤੇ ਸੁਣਵਾਈ ਕੀਤੀ ਜਾ ਸਕਦੀ ਹੈ ਜਾਂ ਨਹੀਂ। ਇਸ ਸਮੇਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੇ ਮੈਂਬਰ ਨਹੀਂ ਹਨ। ਕਮਿਸ਼ਨ ਆਪਣੀ ਰਿਪੋਰਟ ਸੌਂਪ ਚੁੱਕਾ ਹੈ ਤਾਂ ਇਸ ਮੌਕੇ ਕੀ ਉਨ੍ਹਾਂ ਨੂੰ ਸ਼ਿਕਾਇਤ ਦਾਇਰ ਕਰਨ ਦਾ ਅਧਿਕਾਰ ਹੈ। ਕੋਰਟ ਨੇ ਇਸ ਕੇਸ ਲਈ 20 ਫਰਵਰੀ ਦੀ ਅਗਲੀ ਸੁਣਵਾਈ ਤੈਅ ਕੀਤੀ ਹੈ। ਦੱਸਣਾ ਬਣਦਾ ਹੈ ਕਿ ਪੰਜਾਬ ਸਰਕਾਰ ਨੇ ਬੇਅਦਬੀ ਅਤੇ ਬਹਿਬਲ ਕਲਾਂ ਗੋਲੀਕਾਂਡ ਦੀ ਜਾਂਚ ਕਰਨ ਦੇ ਲਈ ਜਸਟਿਸ ਰਣਜੀਤ ਸਿੰਘ ਕਮਿਸ਼ਨ ਬਣਾਇਆ ਸੀ। ਉਸ ਵੱਲੋਂ ਸ਼ਿਕਾਇਤ ਵਿੱਚ ਕਿਹਾ ਗਿਆ ਕਿ ਸੁਖਬੀਰ ਸਿੰਘ ਬਾਦਲ ਅਤੇ ਮਜੀਠੀਆ ਨੇ ਉਨ੍ਹਾਂ 'ਤੇ ਨਿੱਜੀ ਟਿੱਪਣੀਆਂ ਕੀਤੀਆਂ ਅਤੇ ਮਾਣਹਾਨੀ ਕੀਤੀ ਹੈ।

# ਨੂੰਹ ਨਾਲ ਨਾਜਾਇਜ਼ ਸੰਬੰਧਾਂ ਵਿੱਚ ਰੁਕਾਵਟ ਬਣਦੇ ਬੇਟੇ ਦੇ ਅੱਠ ਟੁਕੜੇ ਕੀਤੇ

ਜੈਤੋ (ਫਰੀਦਕੋਟ), 14 ਫਰਵਰੀ (ਪੋਸਟ ਬਿਊਰੋ)- ਪਿੰਡ ਦਬੜੀਖਾਨਾ ਵਿੱਚ 65 ਸਾਲ ਦੇ ਬਜ਼ੁਰਗ ਛੋਟਾ ਸਿੰਘ ਨੇ ਨੂੰਹ ਨਾਲ ਆਪਣੇ ਨਾਜਾਇਜ਼ ਸੰਬੰਧਾਂ ਵਿੱਚ ਰੁਕਾਵਟ ਬਣਦੇ ਬੇਟੇ ਰਾਜਵਿੰਦਰ ਸਿੰਘ (40) ਨੂੰ ਕੁਹਾੜੀ ਨਾਲ ਵੱਢ ਕੇ ਮਾਰ ਦਿੱਤਾ ਹੈ। ਉਸ ਨੇ ਲਾਸ਼ ਦੇ ਅੱਠ ਟੁਕੜੇ ਕਰ ਕੇ ਉਨ੍ਹਾਂ ਨੂੰ ਬੋਰੀਆਂ ਵਿੱਚ ਭਰ ਦਿੱਤਾ, ਪਰ ਰਾਤ ਨੂੰ ਜਦ ਉਹ ਬੋਰੀਆਂ ਨੂੰ ਸੀਵਰੇਜ ਨਾਲੇ ਵਿੱਚ ਸੁੱਟਣ ਜਾ ਰਿਹਾ ਸੀ ਤਾਂ ਵੱਡੇ ਬੇਟੇ ਅਤੇ ਭਤੀਜੇ ਨੇ ਉਸ ਨੂੰ ਫੜ ਲਿਆ।

ਰਾਜਵੀਰ ਸਿੰਘ ਰਾਜਾ ਨੇ ਪੁਲਸ ਨੂੰ ਦੱਸਿਆ ਕਿ ਉਸ ਦੇ ਛੋਟੇ ਭਰਾ ਰਾਜਵਿੰਦਰ ਸਿੰਘ ਦਾ ਵਿਆਹ 12 ਸਾਲ ਪਹਿਲਾਂ ਸਾਦਿਕ ਦੇ ਪਿੰਡ ਮਾਨੀ ਸਿੰਘ ਵਾਲਾ ਦੀ ਜਸਵੀਰ ਕੌਰ ਨਾਲ ਹੋਇਆ ਸੀ। ਉਸ ਦੇ ਦੋ ਬੱਚੇ ਇੱਕ ਲੜਕਾ ਅਤੇ ਲੜਕੀ ਹਨ। ਰਾਜਵਿੰਦਰ ਮਜ਼ਦੂਰੀ ਕਰਦਾ ਸੀ। ਰਾਜਵੀਰ ਕੌਰ ਦਾ ਉਸ ਨਾਲ ਅਕਸਰ ਝਗੜਾ ਹੁੰਦਾ ਸੀ ਤੇ ਪਿਛਲੇ ਡੇਢ ਮਹੀਨੇ ਤੋਂ ਫਰੀਦਕੋਟ ਰਹਿ ਰਹੀ ਸੀ ਤੇ ਰਾਜਵਿੰਦਰ ਪਿੰਡ ਵਿੱਚ ਪਿਤਾ ਨਾਲ ਰਹਿੰਦਾ ਸੀ। ਉਸ ਦਾ ਬਾਪ ਛੋਟਾ ਸਿੰਘ ਵੀ ਮਜ਼ਦੂਰੀ ਕਰਦਾ ਸੀ। ਛੋਟਾ ਸਿੰਘ ਦੇ ਨੂੰਹ ਜਸਵੀਰ ਕੌਰ ਨਾਲ ਨਾਜਾਇਜ਼ ਸੰਬੰਧ ਸਨ। ਪਤੀ-ਪਤਨੀ ਦੇ ਝਗੜੇ ਦੀ ਇਹੀ ਵਜ੍ਹਾ ਸੀ। ਰਾਜਵਿੰਦਰ ਸਿੰਘ ਪਤਨੀ ਨਾਲ ਨਾਜਾਇਜ਼ ਸੰਬੰਧਾਂ ਲਈ ਪਿਤਾ ਨੂੰ ਰੋਕਦਾ ਸੀ। ਇਸੇ ਰੰਜਿਸ਼ ਵਿੱਚ ਛੋਟਾ ਸਿੰਘ ਨੇ ਮੰਗਲਵਾਰ ਰਾਤ ਸੁੱਤੇ ਪਏ ਪੁੱਤਰ ਦਾ ਕੁਹਾੜੀ ਮਾਰ ਕੇ ਕਤਲ ਕਰ ਦਿੱਤਾ ਅਤੇ ਦਾਤਰੀ ਨਾਲ ਸਰੀਰ ਦੇ ਅੱਠ ਟੁਕੜੇ ਕਰ ਕੇ ਪਲਾਸਟਿਕ ਦੀਆਂ ਦੋ ਬੋਰੀਆਂ ਵਿੱਚ ਭਰ ਦਿੱਤਾ। ਉਹ ਲਾਸ਼ ਦੇ ਟੁਕੜਿਆਂ ਨੂੰ ਟਿਕਾਣੇ ਲਗਾਉਂਦਾ ਫੜ੍ਹਿਆ ਗਿਆ।

# ਤੇਜ਼ ਰਫਤਾਰ ਕਰੂਜ਼ ਕਾਰ ਤੇਲ ਟੈਂਕਰ ਹੇਠਾਂ ਜਾ ਵੜੀ, ਤਿੰਨ ਮੌਤਾਂ

ਮੁਕਤਸਰ, 14 ਫਰਵਰੀ (ਪੋਸਟ ਬਿਊਰੋ)- ਇਸ ਜ਼ਿਲੇ ਦੀ ਮੁਕਤਸਰ-ਬਠਿੰਡਾ ਰੋਡ ਉੱਤੇ ਪਿੰਡ ਭਲਾਈਆਣਾ ਦੇ ਨੇੜੇ ਸੜਕ ਹਾਦਸੇ ਵਿੱਚ ਤਿੰਨ ਨੌਜਵਾਨਾਂ ਦੀ ਮੌਤ ਹੋ ਜਾਣ ਦੀ ਖਬਰ ਆਈ ਹੈ।

ਪਤਾ ਲੱਗਾ ਹੈ ਕਿ ਆਪਣੀ ਕਰੂਜ਼ ਕਾਰ ਵਿੱਚ ਮੁਕਤਸਰ ਤੋਂ ਬਠਿੰਡਾ ਜਾ ਰਹੇ ਸਨ ਤਾਂ ਇਨ੍ਹਾਂ ਦੀ ਕਾਰ ਬਠਿੰਡਾ ਤੋਂ ਆ ਰਹੇ ਤੇਲ ਟੈਂਕਰ ਵਿੱਚ ਜਾ ਵੱਜੀ। ਰਾਹਗੀਰਾਂ ਅਨੁਸਾਰ ਕਾਰ, ਜਿਸ ਨੂੰ ਮਨਪ੍ਰੀਤ ਸਿੰਘ ਪਿੰਡ ਚੈਨਾ ਚਲਾ ਰਿਹਾ ਸੀ, ਨੇ ਇੱਕ ਕਾਰ ਨੂੰ ਓਵਰਟੇਕ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਸ ਦੇ ਕੰਟਰੋਲ ਤੋਂ ਬਾਹਰ ਹੋ ਕੇ ਦੂਸਰੀ ਸਾਈਡ ਤੋਂ ਆ ਰਹੇ ਤੇਲ ਟੈਂਕਰ ਹੇਠਾਂ ਜਾ ਵੜੀ। ਇਸ ਮੌਕੇ ਕਾਰ ਚਾਲਕ ਮਨਪ੍ਰੀਤ ਸਿੰਘ ਨੂੰ ਜ਼ਖਮੀ ਹਾਲਤ ਵਿੱਚ ਸਰਕਾਰੀ ਹਸਪਤਾਲ ਮੁਕਤਸਰ ਭੇਜਿਆ ਗਿਆ, ਪਰ ਉਹ ਰਾਹ ਵਿੱਚ ਦਮ ਤੋੜ ਗਿਆ। ਕਾਰ ਸਵਾਰ ਸੁਖਵਿੰਦਰ ਸਿੰਘ ਸੁੱਖਾ ਪੁੱਤਰ ਅੰਗਰੇਜ਼ ਸਿੰਘ ਵਾਸੀ ਸਾਦਾ ਪੱਤੀ, ਜੈਤੋ ਅਤੇ ਜਸ਼ਨਦੀਪ ਸਿੰਘ ਪੁੱਤਰ ਜਗਤਾਰ ਸਿੰਘ ਵਾਸੀ ਜੈਤੋ ਦੀ ਹਾਦਸੇ ਦੌਰਾਨ ਹੀ ਮੌਤ ਹੋ ਗਈ ਅਤੇ ਉਨ੍ਹਾਂ ਦੀਆਂ ਲਾਸ਼ਾਂ ਕਾਫੀ ਮੁਸ਼ੱਕਤ ਦੇ ਬਾਅਦ ਕਾਰ 'ਚੋਂ ਕੱਢੀਆਂ ਗਈਆਂ।

ਮੁਕਤਸਰ ਤੋਂ ਬਠਿੰਡਾ ਵੱਲ ਜਾ ਰਹੇ ਦੂਸਰੇ ਕਾਰ ਚਾਲਕਾਂ, ਜਿਨ੍ਹਾਂ ਨੂੰ ਇਸ ਕਾਰ ਨੇ ਕਰਾਸ ਕੀਤਾ ਸੀ, ਦੇ ਦੱਸਣ ਅਨੁਸਾਰ ਕਾਰ ਦੀ ਸਪੀਡ ਬਹੁਤ ਜ਼ਿਆਦਾ ਸੀ। ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਹਾਦਸੇ ਦੇ ਬਾਅਦ ਕਾਰ ਦੇ ਦੋਵੇਂ ਫਰੰਟ ਏਅਰ ਬੈਗ ਖੁੱਲ੍ਹਣ ਦੇ ਬਾਵਜੂਦ ਬਚਾਅ ਨਹੀਂ ਹੋਇਆ।

# ਲੋਕ ਸਭਾ ਭੰਗ ਹੋਣ ਨਾਲ ਤਿੰਨ ਤਲਾਕ ਬਿੱਲ ਅੱਗੇ ਤੋਂ ਪ੍ਰਭਾਵਹੀਣ ਹੋ ਜਾਣਗੇ



ਨਵੀਂ ਦਿੱਲੀ, 14 ਫਰਵਰੀ (ਪੋਸਟ ਬਿਊਰੋ)- ਮੌਜੂਦਾ ਲੋਕ ਸਭਾ ਦੇ ਆਖਰੀ ਸੈਸ਼ਨ (ਬਜਟ ਸੈਸ਼ਨ) ਦੌਰਾਨ ਵਿਵਾਦਤ ਨਾਗਰਿਕਤਾ ਸੋਧ ਬਿੱਲ ਤੇ ਤਿੰਨ ਤਲਾਕ ਸਬੰਧੀ ਬਿੱਲ ਰਾਜ ਸਭਾ 'ਚ ਪਾਸ ਨਾ ਕਰਵਾਏ ਜਾ ਸਕਣ ਕਾਰਨ ਪ੍ਰਭਾਵਹੀਣ ਹੋ ਜਾਣੇ ਤੈਅ ਹਨ। ਦੋਵੇਂ ਬਿੱਲ ਲੋਕ ਸਭਾ ਵਿੱਚੋਂ ਪਾਸ ਹੋ ਚੁੱਕੇ ਹਨ, ਪਰ ਰਾਜ ਸਭਾ ਵਿੱਚ ਬਜਟ ਸੈਸ਼ਨ ਦੌਰਾਨ ਕਾਰਵਾਈ 'ਚ ਲਗਾਤਾਰ ਅੜਿੱਕਾ ਪੈਣ ਕਾਰਨ ਇਨ੍ਹਾਂ ਨੂੰ ਰਾਜ ਸਭਾ ਵਿੱਚੋਂ ਪਾਸ ਨਹੀਂ ਕਰਵਾਇਆ ਜਾ ਸਕਿਆ। ਤਿੰਨ ਜੂਨ ਨੂੰ ਇਸ ਲੋਕ ਸਭਾ ਦਾ ਕਾਰਜਕਾਲ ਖਤਮ ਹੋਣ 'ਤੇ ਇਹ ਦੋਵੇਂ ਬਿੱਲ ਪ੍ਰਭਾਵਹੀਣ ਹੋ ਜਾਣਗੇ। ਇਸ ਦੇ ਸੰਬੰਦ ਵਿੱਚ ਪਾਰਲੀਮੈਂਟਰੀ ਨਿਯਮਾਂ ਅਨੁਸਾਰ ਰਾਜ ਸਭਾ 'ਚ ਪਾਸ ਕੀਤੇ ਗਏ ਬਿੱਲ ਲਟਕੇ ਰਹਿਣ ਦੀ ਸਥਿਤੀ 'ਚ ਲੋਕ ਸਭਾ ਭੰਗ ਹੋਣ ਉੱਤੇ ਪ੍ਰਭਾਵਹੀਣ ਨਹੀਂ ਹੁੰਦੇ, ਪਰ ਜੇ ਲੋਕ ਸਭਾ ਵਿੱਚੋਂ ਪਾਸ ਬਿੱਲ ਰਾਜ ਸਭਾ 'ਚੋਂ ਪਾਸ ਨਹੀਂ ਹੋ ਪਾਉਂਦੇ ਤਾਂ ਉਹ ਲੋਕ ਸਭਾ ਭੰਗ ਹੋਣ 'ਤੇ ਪ੍ਰਭਾਵਹੀਣ ਹੋ ਜਾਂਦੇ ਹਨ।

ਹੈਲਪਰ ਦੀ ਲੋੜ ਹੈ
Construction Company
416-618-3358 | 905-789-7783
ਜਾਂ ਫਿਰ ਈਮੇਲ ਕਰੋ: northyorkkitchen@gmail.com

ਨੈਨੀ ਦੀ ਲੋੜ ਹੈ
Gore Rd & Ebenezer
•Must have own Transportion
•Must be from Brampton
Light House Duties
Cooking & Taking Care of two 5 year olds
From 2pm to 8pm
Contact: 416.648.2455

Get the right INSURANCE for you!
AUTO | HOME | BUSINESS
Life Insurance, Critical Illness, Disability, Super Visa Insurance, Travel & Visitor Insurance, Investments
Damanjit S. Kainth (KD) 416.554.1869 damanjit@hotmail.com

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2", MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ । (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5", ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ , ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। – CASTE NO-BAR. For more info. Call 416-917-8804

ਜੱਟ ਸਿੱਖ ਗਿੱਲ ਲੜਕਾ, ਉਮਰ 31 ਸਾਲ, ਕੱਦ 5'6", ਪਿਛਲੇ 10 ਸਾਲਾਂ ਤੋਂ ਦੁਬਾਈ ਵਿੱਚ ਟੱਰਕ ਚਲਾ ਰਿਹ ਲੜਕੇ ਲਈ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 00918699923074 I 00971559436629(Whatsapp)

ਜੱਟ ਸਿੱਖ ਸੰਘਾ, ਇਕਲੋਤਾ ਲੜਕਾ, ਵੈਸ਼ਨੂੰ , ਉਮਰ 24 ਸਾਲ, ਕੱਦ 5'-7", ਰੰਗ ਗੋਰਾ, B.sc Computer Science, 30 Acre ਜ਼ਮੀਨ, District ਮੋਗਾ ਲਈ ਕੈਨੇਡੀਅਨ ਲੜਕੀ ਦੀ ਲੋੜ ਹੈ।
ਸੰਪਰਕ ਕਰੋ :- 647-631-9445 ਕੈਪਟਨ ਇਕਬਾਲ ਸਿੰਘ ਵਿਰਕ

Jat Sikh Boy, 23, 6'3", vegetarian, student in Canada. Canadian PR or Citizen preferred.
For more details kindly contact 216-556-2080.

ਜੱਟ ਸਿੱਖ ਲੜਕਾ ਉਮਰ 31 ਸਾਲ, ਗੋਤ ਗਿੱਲ, ਲੰਬਾਈ 5 ਫੁੱਟ 6 ਇੰਚ, ਜੋ ਕਿ ਦੁਬਈ ਵਿਚ ਪਿਛਲੇ ਦਸ ਸਾਲਾਂ ਤੋ ਟਰੱਕ ਚਲਾ ਰਿਹਾ ਹੈ, ਲਈ ਲੜਕੀ ਦੀ ਲੋੜ ਹੈ। ਸੰਪਰਕ- ਮੋਬਾ:00918699923074, ਵਟਸਐਪ-00971559436629

## ਲੜਕੀ ਦੀ ਲੋੜ

ਜੱਟ ਸਿੱਖ ਸੇਖੋਂ ਲੜਕਾ ਉਮਰ 36 ਸਾਲ, ਕੱਦ 5'-8", ਕੇਸ਼ਧਾਰੀ ਤੇ ਨਸ਼ੀਆਂ ਤੋਂ ਦੂਰ, A.Z Driver, Divorced ਲੜਕੇ ਲਈ Student/citizen ਜਾਂ ਵੀਜ਼ਿਟਰ ਵਿਜ਼ੇ ਤੇ ਆਈ ਲੜਕੀ ਦੀ ਲੋੜ ਹੈ।
ਸੰਪਰਕ ਕਰੋ- 647-456-8667 I joraward96@gmail.com

ਸਿੱਖ ਲੜਕਾ (TULI, KHATRI), ਉਮਰ 24 ਸਾਲ, ਕੱਦ 5'5, ਅੰਮ੍ਰਿਤਧਾਰੀ, ਪਟਿਆਲਾ, IELTS 6 Band, Diploma ITI Plumbing one year course, CTI Plumbing, Well Known business man's Son ਲਈ ਕੈਨੇਡੀਅਨ PR/Citizen ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-762-5375 I 905-455-8152

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11", ਨਸ਼ਿਆਂ ਤੋ ਦੂਰ, ਬੀ ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਉਮਰ 28 ਸਾਲ, ਕੱਦ 5'9", ਚੰਗੀ ਜੋਬ ਲਈ ਕੈਨੇਡੀਅਨ ਇੰਮੀਗਰੇਂਟ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-524-6505

ਧਾਲੀਵਾਲ ਜੱਟ ਸਿੱਖ ਲੜਕਾ, ਵਿਜ਼ਟਰ ਵੀਜ਼ਾ, 27 ਸਾਲ, ਲਈ ਲੜਕੀ ਦੀ ਲੋੜ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ- 647-237-5343, 647-688-4149

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ , ਕੱਦ 5'10", Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੋਰ ਕੀਤੀ ਜਾ ਸਕਦੀ ਹੈ
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :
91-9888871813 I 306-612-4093
ਜਾਂ ਇ ਮੇਲ ਕਰੋ: kaurindergrewal@gmail.com

ਜੱਟ ਸਿੱਖ ਹੋਠੀ ਲੜਕਾ, ਉਮਰ 28 ਸਾਲ, ਲਈ ਕੈਨੇਡੀਅਨ ਸਿਟੀਜ਼ਨ / ਪੀ-ਆਰ / ਵਰਕ ਪਰਮਿਟ / ਬਿਨਾਂ ਬੱਚੇ ਤੋ ਤਲਾਕਸ਼ੁਦਾ ਲੜਕੀ ਦੀ ਜ਼ਰੂਰਤ ਹੈ। ਸਟੂਡੈਂਟ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਲੜਕਾ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਇਆ ਹੋਇਆ ਹੈ। ਵਿਆਹ ਜਲਦੀ!! ਸੰਪਰਕ: 647-463-8060

## ਲੜਕੇ ਦੀ ਲੋੜ

ਜੱਟ ਸਿੱਖ ਲੱੜਕੀ, ਉਮਰ 29 ਸਾਲ, ਕੱਦ 5'-2", M.A Med, ਕੈਨੇਡਾ ਨੈਨੀ ਬੇਸ ਤੇ ਆਈ ਹੋਈ ਲੜਕੀ ਲਈ ਲੜਕੇ ਦੀ ਲੋੜ ਹੈ।
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
416-879-0439 I 289-801-4533
